**Shikshan Sanshodhan** : Journal of Arts, Humanities and Social Sciences
Monthly, Peer-Reviewed, Refereed, Indexed Journal
Volume - 9, Issue - 9, September - 2026

ISSN(o): 2581-6241
Impact Factor: 9.134

DOIs:10.2018/SS/202609013 --:-- Research Paper / Article / Review

# ਗੁਰਚਰਨ ਕੌਰ ਕੋਚਰ ਦੀ ਗ਼ਜ਼ਲ ਵਿੱਚ ਨਿਰਪੱਖ 'ਨਾਰੀ ਦ੍ਰਿਸ਼ਟੀ'

**Ms. Manpreet Kaur**
Research Scholar - Ph.D. Department of Panjabi
Kurukshetra University, Kurukshetra,
corresponding author Email : Panjabi2022manpreet@kuk.ac.in

**Dr. Devinder kumar**
Assistant Professor, Department of Panjabi
Kurukshetra University, Kurukshetra
Email : devinderbibipuria082@gmail.com

ਐਬਸਟਰੈਕਟ:- ਪੰਜਾਬੀ ਗ਼ਜ਼ਲ ਜਗਤ ਵਿੱਚ ਹੀ ਨਹੀਂ ਸਗੋਂ ਉਰਦੂ ਅਤੇ ਫਾਰਸੀ ਗ਼ਜ਼ਲ ਵਿੱਚ ਵੀ ਬਹੁਤ ਲੰਮੇ ਸਮੇਂ ਤੱਕ ਕੇਵਲ ਮਰਦ ਗ਼ਜ਼ਲਗੋ ਦੀ ਹੀ ਸਰਦਾਰੀ ਕਾਇਮ ਸੀ। ਪਰ ਬਦਲਾਅ ਕੁਦਰਤ ਦਾ ਨਿਯਮ ਹੈ ਅਤੇ ਗ਼ਜ਼ਲ ਖੇਤਰ ਵਿੱਚ ਵੀ ਇਹ ਬਦਲਾਅ ਵੇਖਣ ਨੂੰ ਮਿਲਦਾ ਹੈ ਜਦ ਵੱਖ ਵੱਖ ਨਾਰੀ ਗ਼ਜ਼ਲਕਾਰਾਂ ਦੁਆਰਾ ਗ਼ਜ਼ਲ ਨੂੰ ਅਮੀਰ ਅਤੇ ਭਰਪੂਰ ਕਰਨ ਵਿੱਚ ਯੋਗਦਾਨ ਪਾਉਣਾ ਆਰੰਭ ਹੁੰਦਾ ਹੈ। ਇਨ੍ਹਾਂ ਨਾਰੀ ਗ਼ਜ਼ਲਕਾਰਾਂ ਵਿੱਚ 'ਮਹਾਲਕਾ' ਅਤੇ 'ਅਦਾ ਜਾਫਰੀ' ਵਰਗੀਆਂ ਗ਼ਜ਼ਲਕਾਰਾਂ ਦੇ ਨਾਲ ਹੀ ਅਜੋਕੇ ਸਮੇਂ ਵਿੱਚ 'ਅਮਰਜੀਤ ਕੌਰ ਨਾਜ਼' ਅਤੇ ਗੁਰਚਰਨ ਕੌਰ ਕੋਚਰ ਵਰਗੀਆਂ ਨਾਰੀ ਗ਼ਜ਼ਲਕਾਰਾਂ ਦੇ ਨਾਮ ਸ਼ੁਮਾਰ ਹੁੰਦੇ ਹਨ। ਗੁਰਚਰਨ ਕੌਰ ਕੋਚਰ ਸਮਕਾਲੀਨ ਸਮੇਂ ਦੀ ਇੱਕ ਸਮਰੱਥ ਅਤੇ ਸੂਝਵਾਨ ਗ਼ਜ਼ਲਕਾਰਾ ਵਜੋਂ ਗ਼ਜ਼ਲ ਖ਼ੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਸਥਾਪਤ ਕਰਨ ਵਿੱਚ ਸਫਲ ਹੋਣ ਦੇ ਨਾਲ ਨਾਲ ਲਗਾਤਾਰ ਆਪਣੀ ਕਲਮ ਨਾਲ ਸਮਾਜ ਦੀ ਬਿਰਤੀ ਉਤੇ ਜੰਮੇ ਉਨ੍ਹਾਂ ਗਲਤ ਕੀਮਤਾਂ ਵਾਲੇ ਖਲੇਪੜ ਨੂੰ ਖੁਰਚਣ ਦੇ ਨਿਰੰਤਰ ਕਾਰਜ ਵਿੱਚ ਕਾਰਜਸ਼ੀਲ ਨਜ਼ਰੀਂ ਪੈਂਦੀ ਹੈ। ਸ਼ਾਇਰਾ ਦੀਆਂ ਗ਼ਜ਼ਲਾਂ ਵਿੱਚ ਉਸੇ ਸਮਾਜ ਵਿੱਚ ਨਾਰੀ ਦੀ ਸਥਿਤੀ ਦਾ ਸਰਵੇਖਣ ਕਰਨਾ ਹਥਲੇ ਖੋਜ ਪੱਤਰ ਦਾ ਮੁੱਖ ਧੁਰਾ ਬਣਾਇਆ ਗਿਆ ਹੈ।

ਕੁੰਜੀ ਸ਼ਬਦ:- ਰਿੰਦਾਨਾ, ਵਿਸ਼ਵੀਕਰਨ, ਲੋਕ-ਵਿਰੋਧ, ਗਲੈਮਰ, ਲੀਵ-ਈਨ .

ਸਾਹਿਤ ਜਗਤ ਵਿਚ ਜਿੱਥੇ ਗ਼ਜ਼ਲ ਖੇਤਰ ਵਿਚ ਨਾਮਵਰ ਮਰਦ ਸ਼ਾਇਰਾਂ ਨੇ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ ਠੀਕ ਉਸੇ ਤਰ੍ਹਾਂ ਹੀ ਨਾਰੀ ਗ਼ਜ਼ਲ ਵਿੱਚ ਗੁਰਚਰਨ ਕੌਰ ਕੋਚਰ ਦਾ ਨਾਮ ਉਸਤਾਦ ਸ਼ਾਇਰਾਤ ਵਿਚ ਬੜੇ ਮਾਣ ਅਤੇ ਸਤਿਕਾਰ ਨਾਲ ਉਚਾਰਿਆ ਜਾਂਦਾ ਹੈ। ਸ਼ਾਇਰਾ ਨੇ ਅਹਿਸਾਸ ਦੀ ਖੁਸ਼ਬੂ, ਅਹਿਸਾਸ ਦਾ ਸਫਰ, ਅਹਿਸਾਸ ਦੀਆਂ ਰਿਸ਼ਮਾ, ਹਰਫਾਂ ਦੀ ਮਹਿਕ ਅਤੇ ਗ਼ਜ਼ਲ ਅਸ਼ਰਫੀਆਂ ਨਾਮਕ ਗ਼ਜ਼ਲ ਸੰਗ੍ਰਿਹਾਂ ਰਾਹੀਂ ਪੰਜਾਬੀ ਸਾਹਿਤ ਵਿੱਚ ਗ਼ਜ਼ਲ ਨੂੰ ਅਮੀਰ ਅਤੇ ਭਰਪੂਰ ਕਰਨ ਲਈ ਭਰਵਾਂ ਯੋਗਦਾਨ ਪਾਇਆ। ਸ਼ਾਇਰਾ ਗੁਰਚਰਨ ਕੌਰ ਕੋਚਰ ਨੇ ਲਗਭਗ ਅੱਧੀ ਦਰਜਨ ਦੇ ਕਰੀਬ ਗ਼ਜ਼ਲ ਸੰਗ੍ਰਿਹ ਪੰਜਾਬੀ ਸਾਹਿਤ ਦੀ ਝੋਲੀ ਪਾ ਕੇ ਪੰਜਾਬੀ ਸਾਹਿਤ ਵਿੱਚ ਨਾਰੀ ਗ਼ਜ਼ਲ ਵਰਗੇ ਪੇਚੀਦਾ ਮਸਲੇ ਦੀਆਂ ਗੁੰਝਲਾਂ ਨੂੰ ਸੁਲਝਾਉਣ ਦੇ ਨਾਲ-ਨਾਲ ਨਾਰੀ ਦੇ ਗ਼ਜ਼ਲ ਕਹਿਣ ਦੇ ਅਜਲਾਂ ਤੋਂ ਹੁੰਦੇ ਵਿਰੋਧ ਨੂੰ ਕਰਾਰਾ ਜਵਾਬ ਦਿੱਤਾ। ਗ਼ਜ਼ਲ ਦੇ ਆਰੰਭ ਬਿੰਦੂ ਤੋਂ ਹੀ ਇਸ ਨੂੰ ਮਸ਼ੂਕ ਮਹਿਬੂਬ ਆਦਿ ਦੇ ਰੁਸੇਵੇਂ ਮਨੇਵੇ ਨਾਲ ਜੋੜਨਾ ਹੀ ਪ੍ਰਚਲਿਤ ਰਿਹਾ । ਵੱਖੋ-ਵੱਖ ਸ਼ਾਇਰਾਂ ਨੇ ਇਸ ਨੂੰ ਆਪਣੇ-ਆਪਣੇ ਢੰਗ ਨਾਲ ਆਪਣੀਆਂ ਗ਼ਜ਼ਲਾਂ ਵਿੱਚ ਪੇਸ਼ ਕੀਤਾ ਹੈ, ਪਰ ਬਹੁਤ ਥੋੜੇ ਸ਼ਾਇਰ ਹੁੰਦੇ ਹਨ ਜੋ ਆਪਣੇ ਗੀਤ ਜਾਂ ਗਜ਼ਲਾਂ ਦੀ ਆਪਣੀ ਮਾਂ ਜਾਂ ਆਪਣੀ ਸੰਤਾਨ ਵਾਂਗ ਸਾਂਭ ਸੰਭਾਲ ਕਰਦੇ ਹਨ। ਗ਼ਜ਼ਲ ਨੂੰ ਮਹਿਬੂਬ ਨਾਲ ਸਾਰੇ ਹੀ ਸਾਹਿਤਕਾਰਾਂ ਦੁਆਰਾ ਜੋੜਿਆ ਗਿਆ, ਪਰ ਉਸਨੂੰ ਮਾਂ ਦਾ ਦਰਜਾ ਸ਼ਾਇਦ ਹੀ ਕਿਸੇ ਸ਼ਾਇਰ ਦੁਆਰਾ ਦਿੱਤਾ ਗਿਆ ਹੋਵੇ। ਪਰ ਗੁਰਚਰਨ ਕੌਰ ਕੋਚਰ ਦੀ ਸ਼ਾਇਰੀ ਦਾ ਨਿਵੇਕਲਾ ਪੱਖ ਹੀ ਇਹ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਉਸਨੇ ਗ਼ਜ਼ਲ

ਨੂੰ ਮਾਂ ਦਾ ਦਰਜਾ ਦਿੱਤਾ ਹੈ। ਜੋ ਮਾਂ ਸਾਡੀ ਸਾਂਭ ਸੰਭਾਲ ਕਰਦੀ ਹੈ ਸ਼ਾਇਰਾ ਗ਼ਜ਼ਲ ਨੂੰ ਬੱਚਿਆਂ ਵਾਂਗ ਸਾਂਭਣ ਦਾ ਸੰਦੇਸ਼ ਦਿੰਦੀ ਹੋਈ ਗ਼ਜ਼ਲ ਦਾ ਰੁਤਬਾ ਹੋਰ ਵੀ ਉੱਚਾ ਕਰਦੀ ਨਜ਼ਰੀਂ ਪੈਂਦੀ ਹੈ:

ਗ਼ਜ਼ਲ ਤੇ ਗੀਤ, ਕਵਿਤਾ ਵੀ ਅਸਾਡੇ ਨੇਕ ਬੱਚੇ ਹਨ,

ਉਹ ਭਾਗਾਂ ਵਾਲਾ ਹੈ ਜਿਸ ਤਾਈ ਇਹ ਸੰਤਾਨ ਮਿਲ ਜਾਏ। [1]

ਮੈਂ 'ਕੋਚਰ' ਹਾਂ ਗ਼ਜ਼ਲ ਦੀ ਪਿਆਰੀ ਬੇਟੀ,

ਉਹ ਮੇਰਾ ਸਿਰ ਪਲੋਸੀ ਜਾ ਰਹੀ ਹੈ। [2]

ਇਸ ਤੋਂ ਛੁੱਟ ਹਥਲੇ ਖੋਜ ਪੇਪਰ ਦੇ ਵਿਸ਼ੇ ਨੂੰ ਕੇਂਦਰ ਵਿੱਚ ਰਖਦਿਆਂ ਜੇਕਰ ਪੰਜਾਬੀ ਕਾਵਿ ਜਾਂ ਫਿਰ ਸੰਸਾਰ ਦੇ ਕਿਸੇ ਵੀ ਸਾਹਿਤ ਵਿੱਚ ਨਾਰੀ ਦੀ ਸਥਿਤੀ ਬਾਰੇ ਪੜ੍ਹਿਆ ਸੁਣਿਆ ਜਾਵੇ ਤਦ ਉਸ ਵਿੱਚ ਨਾਰੀ ਨੂੰ ਅਬਲਾ ਅਤੇ ਪੱਥਰ ਵਰਗੇ ਨਾਵਾਂ ਨਾਲ ਸੰਬੋਧਨ ਪ੍ਰਾਪਤ ਹੈ। ਨਾਰੀ ਦੀ ਅਜਿਹੀ ਸਥਿਤੀ ਦੇ ਪਿੱਛੇ ਮਰਦ ਦੀ ਮਾਨਸਿਕਤਾ ਵੀ ਬਹੁਤ ਦੋਸ਼ੀ ਕਰਾਰ ਦਿੱਤੀ ਜਾਂਦੀ ਹੈ। ਕਿਉਂਕਿ ਮਰਦ ਦੁਆਰਾ ਹੀ ਨਾਰੀ ਦੀ ਅਜਿਹੀ ਦੁਜੈਲੀ ਸਥਿਤੀ ਸਮਾਜ ਨੂੰ ਪਰੋਸੀ ਜਾਂਦੀ ਹੈ, ਜਿਸ ਵਿੱਚ ਔਰਤ-ਮਰਦ ਬਰਾਬਰੀ ਦੇ ਹੱਕਦਾਰ ਨਹੀ ਹਨ। ਸਗੋਂ ਨਾਰੀ ਨੂੰ ਵਿਚਾਰੀ ਅਬਲਾ ਬਣਾ ਦਿੱਤਾ ਗਿਆ। ਉਸ ਨੂੰ ਉਹਨਾਂ ਮੌਕਿਆਂ ਤੋਂ ਰੂ-ਬ-ਰੂ ਹੋਣ ਹੀ ਨਹੀਂ ਦਿੱਤਾ ਗਿਆ, ਜਿਨਾਂ ਦੇ ਚਲਦੇ ਅਜੋਕੀ ਨਾਰੀ ਉਨਾਂ ਅਵਸਰਾਂ ਨੂੰ ਪ੍ਰਾਪਤ ਕਰਕੇ ਸਮਾਜ ਵਿੱਚ ਆਪਣੀ ਸਥਿਤੀ ਅਤੇ ਆਪਣੇ ਜੀਵਨ ਨੂੰ ਸੁਧਾਰਨ ਦਾ ਭਰਵਾਂ ਯਤਨ ਕਰਦੀ। ਅਜਲਾਂ ਤੋਂ ਹੀ ਨਾਰੀ ਨੂੰ ਪਿਤਰਕੀ ਸੱਤਾਂ ਕਾਰਨ ਮਰਦ ਦੇ ਅਧੀਨਗੀ ਸਵਿਕਾਰ ਕਰਨੀ ਪਈ। ਔਰਤ ਨੇ ਮਰਦ ਦੀ ਇਸ ਗੁਲਾਮੀ ਨੂੰ ਸਵਿਕਾਰ ਕਰਕੇ ਇਸ ਨੂੰ ਹੀ ਆਪਣੀ ਕਿਸਮਤ ਸਮਝ ਲਿਆ। ਸਿਮੋਨ ਦਾ ਬੁਵਆਰ ਦਾ ਇੱਕ ਮਹਾਨ ਕਥਨ ਹੈ ਕਿ

> "ਕੋਈ ਵੀ ਜੰਮਦੀ ਔਰਤ ਨਹੀਂ ਹੁੰਦੀ, ਪਰ ਬਣ ਜਾਂਦੀ ਹੈ(one is not born a woman, rather one become a woman) ਉਹ ਕਹਿੰਦੀ ਹੈ ਕਿ 'ਜੈਂਡਰ' ਕੁਝ ਵੀ ਨਹੀਂ ਹੁੰਦਾ ਇਹ ਕੇਵਲ ਸਮਾਜਿਕ ਵਰਤਾਰਿਆਂ ਦੀ ਦੇਣ ਹੈ। ਕੋਈ ਵੀ ਜੰਮਦਾ ਹੀ ਮਰਦ ਆ ਔਰਤ ਨਹੀਂ ਹੁੰਦਾ ਬਲਕਿ ਬਣ ਜਾਂਦਾ ਹੈ ਭਾਵ ਕਿ ਔਰਤ ਨੂੰ ਮਰਦ ਜਾਂ ਮਰਦ ਨੂੰ ਔਰਤ ਪ੍ਰਸਥਿਤੀਆਂ ਰਾਹੀਂ ਵੀ ਬਣਾਇਆ ਜਾ ਸਕਦਾ ਹੈ। ਲਿੰਗ ਦੀ ਮਹੱਤਤਾ ਹੋਰ ਹੈ ਪ੍ਰੰਤੂ 'ਜੈਂਡਰ' ਦਾ ਤਾਂ ਨਿਰਮਾਣ ਦੁਨੀਆਂ ਤੇ ਆ ਕੇ ਹੀ ਹੁੰਦਾ ਹੈ 'ਦਾ ਸੈਕਿੰਡ ਸੈਕਸ' ਵਿੱਚ ਉਹ ਮਰਦ ਔਰਤ ਦੀ ਸਥਿਤੀ ਬਾਰੇ ਗੱਲ ਕਰਦੀ ਹੈ ਇਸ ਤਰ੍ਹਾਂ ਸਮਾਜ ਮਰਦਾਨਾ ਹੈ ਅਤੇ ਔਰਤ ਨੂੰ ਉਸ ਅਨੁਸਾਰ ਨਹੀਂ ਬਲਕਿ ਖੁਦ ਨਾਲ ਜੋੜ ਕੇ ਪਰਿਭਾਸ਼ਿਤ ਕਰਦਾ ਹੈ ਉਸਨੂੰ ਖੁਦ ਮੁਖਤਿਆਰੀ ਨਹੀਂ ਦਿੱਤੀ ਜਾਂਦੀ ਸਧਾਰਨ ਤੌਰ ਤੇ 'ਉਹ' ਉਹ ਹੈ ਜੋ ਮਰਦ ਉਸਦੀ ਘੋਸ਼ਣਾ ਕਰਦਾ ਹੈ।" [3]

ਪਰ ਸਮਾਂ ਬਦਲਣ ਨਾਲ ਆਧੁਨਿਕਤਾ ਕਾਰਨ ਮਰਦ ਅਤੇ ਔਰਤ ਦੇ ਬਰਾਬਰੀ ਦੇ ਹੱਕਾਂ ਦੀ ਗੱਲ ਤੁਰਦੀ ਹੈ। ਔਰਤ ਨੇ ਹੌਲੀ-ਹੌਲੀ ਆਪਣਾ ਪੈਰ ਘਰ ਦੀ ਚਾਰ ਦੀਵਾਰੀ ਵਾਲੀ ਵਲਗਣ ਵਿੱਚੋਂ ਬਾਹਰ ਕੱਢਿਆ ਅਤੇ ਆਜ਼ਾਦੀ ਦਾ ਅਹਿਸਾਸ ਮਾਣਿਆ। ਉਸ ਆਜ਼ਾਦੀ ਦੀ ਚਾਹ ਨੇ ਹੀ ਔਰਤ ਨੂੰ ਇਨਾਂ ਸਮਰੱਥ ਬਣਾਇਆ ਕਿ ਅਜੋਕੇ ਸਮੇਂ ਵਿੱਚ ਔਰਤ ਮਰਦ ਦੇ ਮੋਢੇ ਨਾਲ ਮੋਢਾ ਜੋੜ ਕੇ ਬਰਾਬਰ ਕਮਾ ਹੀ ਨਹੀਂ ਰਹੀ, ਸਗੋਂ ਹਰ ਖੇਤਰ ਵਿੱਚ ਮੱਲਾਂ ਮਾਰਦੀ ਨਜ਼ਰੀ ਪੈਂਦੀ ਹੈ। ਉਸ ਨੇ ਹਰ ਖੇਤਰ ਵਿੱਚ ਆਪਣੀ ਥਾਂ ਮਰਦ ਦੇ ਬਰਾਬਰ ਸਥਾਪਿਤ ਕੀਤੀ ਹੈ ਅਤੇ ਬਹੁਤੇ ਖੇਤਰਾਂ ਵਿੱਚ ਤਾਂ ਔਰਤ ਦੀ ਹੀ ਸਰਦਾਰੀ ਕਾਇਮ ਹੋ ਚੁੱਕੀ ਹੈ। ਇਹ ਕਿਸੇ ਇੱਕ ਲਿੰਗ ਦਾ ਸਮਰਥਨ ਨਹੀਂ ਸਗੋਂ ਔਰਤ ਅਤੇ ਮਰਦ ਦੀ ਬਰਾਬਰ ਹੋਂਦ ਦਾ ਮਸਲਾ ਹੈ। ਕਿਉਂਕਿ ਸਮਾਜਿਕ ਸਿਰਜਣਾ ਵਿੱਚ ਦੋਹਾਂ ਦਾ ਬਰਾਬਰ ਦਾ ਕਿਰਦਾਰ ਹੈ।

> "ਸਮਾਜ ਦੇ ਨਿਰਮਾਣ ਵਿੱਚ ਔਰਤ ਅਤੇ ਮਰਦ ਦੋਵਾਂ ਦੀ ਬਰਾਬਰ ਭੂਮਿਕਾ ਹੈ ਇਸ ਗੱਲ ਨੂੰ ਸਿਮੋਨ ਦਾ ਬੁਆਰ ਵੀ ਮੰਨਦੀ ਹੈ ਕਿ ਨਾ ਤਾਂ ਮਰਦ ਵੱਡਾ ਹੈ ਤੇ ਨਾ ਹੀ ਔਰਤ। ਸਮਾਜ ਵਿੱਚ ਦੋਵੇਂ ਹੀ ਸਮਾਨ ਹੋਂਦ ਰੱਖਦੇ ਹਨ ਅਤੇ ਮਨੁੱਖਤਾ ਦੀ ਹੋਂਦ ਵਿੱਚ ਦੋਨਾਂ ਦਾ ਬਰਾਬਰ ਦਾ ਯੋਗਦਾਨ ਹੈ।" [4]

ਫਿਰ ਔਰਤ ਹੀ ਕਿਉਂ ਪਿਤਰਕੀ ਸੱਤਾ ਦੀ ਹਉਮੈਂ ਦਾ ਸ਼ਿਕਾਰ ਬਣਾਈ ਗਈ। ਸ਼ਾਇਰਾ ਗੁਰਚਰਨ ਕੌਰ ਕੋਚਰ ਔਰਤ ਦੀ ਅਜਿਹੀ ਸਥਿਤੀ ਨੂੰ ਤੰਜ ਭਰੇ ਸ਼ਬਦਾਂ ਰਾਹੀਂ ਆਪਣੀਆਂ ਗ਼ਜ਼ਲਾਂ ਵਿੱਚ ਬਿਆਨ ਕਰਦੀ ਕਹਿੰਦੀ ਹੈ:

ਉਹ ਆਪਣੀ ਥੋਪਦੈ ਮਰਜ਼ੀ ਮੈਂ ਇਹ ਖਾਵਾਂ ਤੇ ਉਹ ਪਾਵਾਂ,

ਉਦ੍ਹੀ ਮਨਸ਼ਾ ਮੇਰੀ ਹਰ ਸੋਚ 'ਤੇ ਕਬਜ਼ਾ ਜਮਾਣਾ ਹੈ। [5]

ਨਾਰੀ ਨੇ ਅਜੋਕੇ ਸਮੇਂ ਵਿੱਚ ਆਪਣੀ ਪਛਾਣ ਹਰ ਖੇਤਰ ਵਿੱਚ ਬਣਾਈ ਹੈ ਫਿਰ ਚਾਹੇ ਉਹ ਖੇਡ ਜਗਤ ਹੋਵੇ ਜਾਂ ਸਾਹਿਤ ਜਗਤ। ਨਾਰੀ ਨੇ ਉਨ੍ਹਾਂ ਪਰੰਪਰਾਗਤ ਬੰਧਨਾਂ ਦੀਆਂ ਜੰਜੀਰਾਂ ਨੂੰ ਆਪਣੇ ਪੈਰਾਂ ਵਿੱਚੋਂ ਲਾਹ ਸੁੱਟਣ ਅਤੇ ਆਪਣੀ ਸਥਿਤੀ ਨੂੰ ਸੁਧਾਰਨ ਲਈ ਆਪ ਹੀ ਯਤਨ ਕੀਤੇ ਹਨ। ਕਿਉਂਕਿ ਅਜੋਕੀ ਔਰਤ ਇਸ ਗੱਲ ਤੋਂ ਬਖੂਬੀ ਜਾਣੂ ਹੈ ਕਿ ਜ਼ੁਲਮ ਕਰਨਾ ਅਤੇ ਸਹਿਣਾ ਦੋਵੇਂ ਹੀ ਗੁਨਾਹ ਹਨ ਅਤੇ ਮਰਦ ਜਾਂ ਔਰਤ ਵਿੱਚੋਂ ਜੋ ਵੀ ਇਸ ਗੁਨਾਹ ਦਾ ਭਾਗੀਦਾਰ ਬਣਦਾ ਹੈ ਹੈ ਉਸ ਨੂੰ ਸੋਝੀ ਦੀ ਲੋੜ ਹੈ। ਸ਼ਾਇਰਾ ਇਸੇ ਪ੍ਰਗਤੀਵਾਦੀ ਸੁਰ ਨੂੰ ਕੁੱਝ ਇਸ ਤਰ੍ਹਾਂ ਆਪਣੀ ਇੱਕ ਗ਼ਜ਼ਲ ਵਿੱਚ ਬਿਆਨ ਕਰਦੀ ਕਹਿੰਦੀ ਹੈ:

ਸਿਤਮ ਨਿੱਤ ਜਰ ਕੇ ਵੀ ਜੋ ਚੁੱਪ ਰਹਿੰਦੀ,

ਮੇਰੀ ਜਾਚੇ ਔਰਤ ਸਿਆਣੀ ਨਹੀਂ ਹੈ। [6]

ਅਜੋਕੀ ਮਨੁੱਖਤਾ ਤੇ ਉਸਦੀ ਨਿਘਾਰ ਵਿੱਚ ਜਾਂਦੀ ਮਾਨਸਿਕਤਾ ਨੇ ਔਰਤ ਦਾ ਜੀਵਨ ਹੋਰ ਔਖਾ ਕਰ ਦਿੱਤਾ ਹੈ। ਨਿਤ ਨਵੇਂ ਜਬਰ-ਜਿਨਾਹ ਦੀਆਂ ਸੁਰਖੀਆਂ ਟੀਵੀ ਚੈਨਲਾਂ ਦੀ ਖਿੱਚ ਦਾ ਕੇਂਦਰ ਬਣੀਆਂ ਹੁੰਦੀਆਂ ਹਨ। ਪਰ ਇਸ ਮਾਨਸਿਕਤਾ ਨੂੰ ਭਰਵਾਂ ਹੁੰਗਾਰਾ ਦੇਣ ਵਾਲਾ ਅਜੋਕਾ ਵਿਸ਼ਵੀਕਰਨ ਦਾ ਯੁੱਗ ਵੀ ਹੈ, ਜਿਸ ਵਿੱਚ ਔਰਤ ਨੂੰ ਕੇਵਲ ਭੋਗ ਦੀ ਵਸਤੂ ਬਣਾ ਦਿੱਤਾ ਗਿਆ ਹੈ। ਕਿਸੇ ਵੀ ਮਨੁੱਖ ਨੂੰ ਜੇਕਰ ਸਾਰਾ ਦਿਨ ਟੀਵੀ ਚੈਨਲਾਂ ਜਾਂ ਮੋਬਾਈਲ ਫੋਨਾਂ ਉੱਤੇ ਅਤੇ ਅਖਬਾਰਾਂ ਦੇ ਮੁੱਖ ਪੰਨਿਆਂ ਉੱਤੇ ਕੇਵਲ ਨੰਗੇਜ਼ ਪਰੋਸਿਆ ਜਾਵੇਗਾ ਤਦ ਜਾਇਜ਼ ਜਿਹੀ ਗੱਲ ਹੈ ਕਿ ਉਸ ਦੀਆਂ ਦਮਿੱਤ ਭਾਵਨਾਵਾਂ ਕਾਮ ਪੂਰਤੀ ਵੱਲ ਉਲਾਰ ਹੋਣਗੀਆਂ। ਇਹ ਉਲਾਰਤਾ ਹੀ ਹੈ ਜੋ ਕਿ ਸੱਭਿਆ ਸਮਾਜ ਨੂੰ ਸ਼ੈਤਾਨ ਬਣਾ ਰਹੀ ਹੈ। ਪਹਿਲਾਂ ਇਹ ਗੰਦੀ ਮਾਨਸਿਕਤਾ ਕੇਵਲ ਸੜਕਾਂ ਜਾਂ ਸੁਨਸਾਨ ਸਥਾਨਾ ਵਿੱਚ ਹੀ ਵੇਖਣ ਨੂੰ ਮਿਲਦੀ। ਪਰ ਅਜੋਕੇ ਸਮੇਂ ਵਿੱਚ ਇਹ ਮਾਨਸਿਕਤਾ ਸੱਭਿਆ ਅਤੇ ਚੰਗੀ ਨਾਮ ਚੀਨ ਸੁਸਾਇਟੀ ਵਿੱਚ ਰਹਿਣ ਵਾਲੇ ਲੋਕਾਂ ਵਿੱਚ ਵੀ ਵੇਖਣ ਨੂੰ ਮਿਲਣ ਲੱਗੀ। ਅੱਜ ਹਰ ਰੋਜ਼ ਅਜਿਹੀਆਂ ਘਟਨਾਵਾਂ ਬਾਰੇ ਸੁਣਨ ਨੂੰ ਮਿਲਦਾ ਹੈ ਜਦ ਕਿਸੇ ਅਧੇੜ ਉਮਰ ਦੇ ਮਰਦ ਨੇ ਕਿਸੇ ਪੰਜ-ਸੱਤ ਸਾਲ ਦੀ ਛੋਟੀ ਬੱਚੀ ਨਾਲ ਕੁਕਰਮ ਕੀਤਾ ਹੁੰਦਾ ਹੈ। ਇਹ ਸਭ ਕੁੱਝ ਉਹਨਾਂ ਇੱਜਤਦਾਰ ਲੋਕਾਂ ਦੀਆਂ ਸੋਸਾਇਟੀਆਂ ਵਿੱਚ ਹੁੰਦਾ ਹੈ ਜੋ ਆਪਣੇ ਆਪ ਨੂੰ ਸਮਾਜ ਦੀ ਪ੍ਰਗਤੀ ਵਿੱਚ ਹਿੱਸਾ ਪਾਉਣ ਵਾਲੇ ਸੱਭਿਆ ਲੋਕਾਂ ਵਿੱਚ ਗਿਣਦੇ ਹਨ। ਅਜੋਕੀ ਔਰਤ ਹੀ ਨਹੀਂ ਸਗੋਂ ਛੋਟੀਆਂ ਬੱਚੀਆਂ ਵੀ ਆਪਣੇ ਹੀ ਘਰਾਂ ਵਿੱਚ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ:

ਕਹਿਣ ਨੂੰ ਤਾਂ ਉਹ ਸੁਤੰਤਰ ਹੈ ਬੜੀ,

ਪਰ ਦਸ਼ਾ ਸੁਧਰੀ ਨਹੀਂ ਹੈ ਨਾਰ। [7]

ਔਰਤ ਨੂੰ ਅਜ਼ਲਾਂ ਤੋਂ ਹੀ ਕੇਵਲ ਵਰਤਣ ਯੋਗ ਵਸਤੂ ਸਮਝ ਕੇ ਉਸ ਨੂੰ ਆਪਣੀ ਮਤਲਬ ਪ੍ਰਸਤੀ ਸਿੱਧ ਕਰਨ ਲਈ ਹਰ ਥਾਂ ਵਰਤਿਆ ਜਾਂਦਾ ਰਿਹਾ। ਇਸੇ ਤਰ੍ਹਾਂ ਹੀ ਜੇਕਰ ਵੰਡ ਦੇ ਉਸ ਸੰਤਾਪ ਨੂੰ ਯਾਦ ਕੀਤਾ ਜਾਵੇ ਤਦ ਅੱਲੇ ਜਖ਼ਮ ਹਰੇ ਹੋ ਜਾਂਦੇ ਹਨ। ਜਦੋਂ ਔਰਤਾਂ ਅਤੇ ਮਜ਼ਲੂਮ ਬੱਚਿਆਂ ਉੱਤੇ ਅਨੇਕਾਂ ਤਸ਼ੱਦਦ ਢਾਏ ਗਏ। ਅਕਸਰ ਇਹੀ ਆਖਿਆ ਜਾਂਦਾ ਹੈ ਕਿ ਮੁਸਲਮਾਨਾਂ ਨੇ ਹਿੰਦੂਆਂ ਦੀਆਂ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦੀ ਦੁਰਗਤੀ ਕੀਤੀ। ਪਰ ਬਹੁਤ ਘੱਟ ਕਵੀ ਜਾਂ ਸਾਹਿਤਕਾਰ ਹਨ ਜੋ ਉਹਨਾਂ ਤਸ਼ਦਦਾਂ ਬਾਰੇ ਵੀ ਜ਼ਿਕਰ ਕਰਦੇ ਹਨ ਜੋ ਹਿੰਦੂਆਂ ਨੇ ਵੀ ਮੁਸਲਮਾਨਾਂ ਦੀਆਂ ਇਸਤਰੀਆਂ ਬੱਚਿਆਂ ਉੱਤੇ ਢਾਏ ਸਨ। ਕਿਉਂਕਿ ਉਸ ਸਮੇਂ ਜਬਰ-ਜਿਨਾਹ ਹਿੰਦੁਸਤਾਨ ਅਤੇ ਪਾਕਿਸਤਾਨ ਦੋਨਾਂ ਪਾਸੇ ਹੀ ਹੋਏ ਸਨ। ਜੇਕਰ ਮੁਸਲਮਾਨਾਂ ਨੇ ਸਾਡੀਆਂ ਹਿੰਦੂ ਅਤੇ ਸਿੱਖ ਔਰਤਾਂ ਦੀ ਦੁਰਗਤੀ ਕੀਤੀ ਸੀ ਤਾਂ, ਕੀ ਅਸੀਂ ਇੰਨੇ ਹੀ ਭੋਲੇ ਅਤੇ ਸ਼ਰੀਫ ਹਾਂ ਕਿ ਸਾਡੇ ਪਾਸੇ ਵੱਲ ਹਿੰਦੂ ਸਿੱਖਾਂ ਨੇ ਕਿਸੇ ਮੁਸਲਮਾਨ ਔਰਤ ਨਾਲ ਕੁੱਝ ਜਬਰ-ਜਿਨਾਹ ਨਹੀਂ ਕੀਤਾ ਹੋਵੇਗਾ? ਮਨੁੱਖੀ ਫਿਤਰਤ ਕਾਮ ਲਈ ਸਭ ਤੋਂ ਵੱਧ ਆਤੁਰ ਰਹਿੰਦੀ ਹੈ ਅਤੇ ਉਸ ਸਮੇਂ ਹਰ ਕਿਸੇ ਨੂੰ ਇਸ ਦਾ ਭਰਪੂਰ ਲਾਭ ਚੁੱਕਣ ਦਾ ਅਵਸਰ ਪ੍ਰਾਪਤ ਸੀ। ਚਾਹੇ ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਕੋਈ ਵੀ ਹੋਵੇ, ਜ਼ਿਲਤ ਤਾਂ ਦੋਹਾਂ ਪਾਸਿਆਂ ਦੀਆਂ ਧੀਆਂ, ਭੈਣਾਂ ਨੇ ਸਹਾਰੀ ਸੀ। ਫਿਰ ਕੇਵਲ ਮੁਸਲਮਾਨ ਜਾਂ ਪਾਕਿਸਤਾਨ ਵਾਲੇ ਪਾਸੇ ਦਿਆਂ ਲੋਕਾਂ ਨੂੰ ਸ਼ੈਤਾਨ ਕਰਾਰ ਦੇਣਾ ਵਾਜਿਬ ਨਹੀਂ ਸ਼ੈਤਾਨ ਤਾਂ ਸਾਡੀ ਧਿਰ ਵੀ ਓਨੀ ਹੀ ਹੈ। ਦੋਸ਼ੀ ਤਾਂ ਅਸੀਂ ਵੀ ਉਨੇ ਹੀ ਹਾਂ। ਸ਼ਾਇਰ ਉਸ ਸੰਤਾਪ ਨੂੰ ਆਪਣੇ ਸ਼ਬਦਾਂ ਰਾਹੀਂ ਕੁੱਝ ਇਸ ਤਰ੍ਹਾਂ ਜੁਬਾਨ ਦਿੰਦੀ ਹੈ:

ਇਹ ਕਿਸ ਨੇ ਲੀਕ ਮਾਰੀ ਹੈ? ਅਸੀਂ ਏਧਰ ਤੁਸੀਂ ਓਧਰ

ਤੇ ਕਿਸ ਨਫਰਤ ਖਿਲਾਰੀ ਹੈ? ਅਸੀਂ ਏਧਰ ਤੁਸੀਂ ਓਧਰ

ਜਦੋਂ ਵੀ ਯਾਦ ਆਉਂਦੇ ਨੇ ਉਹ ਕਾਲੇ ਦਿਨ, ਤਾਂ ਰੂਹ ਕੰਬੇ,

ਬੜੀ ਜ਼ਿਲਤ ਸਹਾਰੀ ਹੈ, ਅਸੀਂ ਏਧਰ ਤੁਸੀਂ ਓਧਰ। [8]

ਅਜੋਕੇ ਉੱਤਰ ਆਧੁਨਿਕਤਾ ਦੇ ਯੁੱਗ ਅਤੇ ਵਿਸ਼ਵੀਕਰਨ ਨੇ ਮਨੁੱਖੀ ਸਮਾਜ ਦੀ ਮਾਨਸਿਕਤਾ ਦਾ ਨਿਘਾਰ ਇਸ ਕਦਰ ਕੀਤਾ ਹੈ ਕਿ ਜਿਸ ਤਨ ਨੂੰ ਢੱਕ ਕੇ ਰੱਖਣਾ ਸਾਡੇ ਵਿਰਸੇ ਦੀ ਸ਼ਾਨ ਮੰਨੀ ਜਾਂਦੀ ਸੀ, ਅਜੋਕੇ ਸਮੇਂ ਉਹ ਵਿਰਸਾ ਅਤੇ ਸੱਭਿਆਚਾਰ ਅਜਾਇਬ ਘਰਾਂ ਦੀ ਸ਼ੋਭਾ ਵਧਾਉਂਦਾ ਨਜ਼ਰੀ ਪੈਂਦਾ ਹੈ। ਪਹਿਲਾਂ ਪੜ੍ਹੀ ਲਿਖੀ ਪੀੜ੍ਹੀ ਨੂੰ ਸੱਭਿਆ ਮੰਨਿਆ ਜਾਂਦਾ ਸੀ ਪਰ ਹੁਣ ਉਸ ਹੀ ਪੜ੍ਹੀ ਲਿਖੀ ਪੀੜੀ ਨੇ ਫੈਸ਼ਨ ਦੇ ਚਲਦੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕੀਤੀਆਂ ਹੋਈਆਂ ਹਨ। ਅਜੋਕੇ ਸਮਾਜ ਵਿੱਚ ਔਰਤ ਨੂੰ ਵਸਤੂ ਵੱਜੋਂ ਵਰਤਿਆ ਜਾਣਾ ਆਮ ਹੋ ਚੁੱਕਿਆ ਹੈ। ਫੈਸ਼ਨ ਦੇ ਚਲਦੇ ਟੀਵੀ ਚੈਨਲਾਂ ਉੱਤੇ ਨੰਗੇਜ਼ ਇਸ ਕਦਰ ਆਮ ਹੋ ਚੁੱਕਿਆ ਹੈ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਮਾਨਸਿਕਤਾ ਵਿੱਚ ਬਾਲਪਨ ਤੋਂ ਹੀ ਗੰਦ ਭਰਨਾ ਆਰੰਭ ਕਰ ਦਿੱਤਾ ਜਾਂਦਾ ਹੈ। ਅਜੋਕੇ ਸਮੇਂ ਹੁੰਦੇ ਜਬਰ-ਜਿਨਾਹ ਦੇ ਵਧਦੇ ਮਸਲਿਆਂ ਦਾ ਵੱਡਾ ਕਾਰਨ ਹੀ ਇਹ ਹੈ। ਕਿਉਂਕਿ ਛੋਟੇ-ਛੋਟੇ ਬੱਚਿਆਂ ਨੂੰ ਮੋਬਾਈਲ ਫੋਨ ਅਤੇ ਟੀਵੀ ਵਿੱਚ ਅਜਿਹੀ ਸੰਵੇਦਨਸ਼ੀਲ ਸਮੱਗਰੀ ਸਰੇਆਮ ਪਰੋਸੀ ਜਾ ਰਹੀ ਹੈ। ਜੋ ਸੰਵੇਦਨਸ਼ੀਲ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਬਾਲ ਮਨ ਵਾਲੇ ਕੋਰੇ ਕਾਗਜ਼ ਉੱਤੇ ਅਜਿਹੇ ਹੀ ਗੰਦੇ ਚਿੱਤਰ ਉਕੇਰੀ ਜਾ ਰਹੀ ਹੈ। ਜੋ ਉਨ੍ਹਾਂ ਦੀ ਮਾਨਸਿਕਤਾ ਵਿੱਚ ਗੰਦਗੀ ਭਰਨ ਦਾ ਕਾਰਜ ਕਰਦੇ ਹਨ।ਇਸੇ ਤਰ੍ਹਾਂ ਹੀ ਫੈਸ਼ਨ ਪਿੱਛੇ ਲੱਗੀ ਔਰਤ ਇਹ ਨਹੀਂ ਜਾਣਦੀ ਅਤੇ ਨਾ ਹੀ ਸਮਝਣ ਦਾ ਯਤਨ ਕਰਦੀ ਹੈ ਕਿ ਉਸ ਨੂੰ ਭੋਗ ਅਤੇ ਉਪਭੋਗ ਦੀ ਵਸਤੂ ਵਜੋਂ ਸਮਾਜ ਵਿੱਚ ਪਰੋਸਿਆ ਜਾ ਰਿਹਾ ਹੈ। ਸ਼ਾਇਰਾ ਇਸ ਸੰਵੇਦਨਸ਼ੀਲ ਮਸਲੇ ਨੂੰ ਇਉਂ ਬਿਆਨ ਕਰਦੀ ਹੈ:

ਇਹ ਫੈਸ਼ਨ ਕਿਸ ਤਰ੍ਹਾਂ ਦਾ ਆ ਰਿਹੈ? ਤੌਬਾ ਮੇਰੀ ਤੌਬਾ।

ਕਿ ਕੱਪੜਾ ਤਨ ਤੋਂ ਘਟਦਾ ਜਾ ਰਿਹੈ, ਤੌਬਾ ਮੇਰੀ ਤੌਬਾ।

ਬੇਸ਼ਰਮੀ, ਬੇਹਯਾਈ ਦੀ ਵੀ ਕੋਈ ਹੱਦ ਤਾਂ ਹੁੰਦੀ ਏ,

ਜਮਾਨਾ ਹੱਦ ਹੀ ਟੱਪਦਾ ਜਾ ਰਿਹੈ? ਤੌਬਾ ਮੇਰੀ ਤੌਬਾ। [9]

ਪੰਜਾਬੀ ਸੱਭਿਆਚਾਰ ਵਿੱਚ ਜਿਸ ਸਮੇਂ ਪੱਛਮੀ ਸੱਭਿਆਚਾਰ ਦਾ ਰਲਾਅ ਹੋਣਾ ਆਰੰਭ ਹੋਇਆ ਉਸ ਸਮੇਂ ਹੀ ਪੰਜਾਬੀ ਸੱਭਿਆਚਾਰ ਨਿਘਾਰ ਦੀ ਰਾਹੇ ਤੁਰ ਪਿਆ। ਆਧੁਨਿਕਤਾ ਨੇ ਅਬਲਾ ਨਾਰੀ ਨੂੰ ਆਪਣੀ ਸਮਰੱਥਾ ਤੋਂ ਜਾਣੂ ਕਰਵਾਇਆ। ਪਰ ਉੱਤਰ-ਆਧੁਨਿਕਤਾ ਤੱਕ ਆਉਂਦੇ-ਆਉਂਦੇ ਵਿਸ਼ਵੀਕਰਨ ਦੀ ਜ਼ਹਿਰੀਲੀ ਹਵਾ ਨੇ ਨਾਰੀ ਦਾ ਕੇਵਲ ਮੰਡੀਕਰਨ ਹੀ ਨਹੀਂ ਕੀਤਾ ਸਗੋਂ ਉਸ ਨੂੰ ਵਸਤੂ ਵਜੋਂ ਵਰਤਣ ਦੀ ਚਾਲ ਵੀ ਚੱਲੀ ਅਤੇ ਉਹ ਚਾਲ ਸੀ ਫੈਸ਼ਨ ਅਤੇ ਗਲੈਮਰ ਦੀ ਦੁਨੀਆਂ ਵਿੱਚ ਆਪਣਾ ਨਾਮ ਬਣਾਉਣ ਲਈ ਨਾਰੀ ਨੂੰ ਉਕਸਾਉਣਾ। ਔਰਤ ਦੀ ਅਜਿਹੀ ਸਮਕਾਲੀ ਸਥਿਤੀ ਬਾਰੇ ਹਰਪਾਲ ਸਿੰਘ ਭੱਟੀ ਲਿਖਦੇ ਹਨ:

> "ਅੱਜ ਵਿਸ਼ਵ ਬਾਜ਼ਾਰ ਉਪਰ ਵਿੱਤੀ ਪੂੰਜੀ ਦਾ ਪੂਰਨ ਕੰਟਰੋਲ ਹੈ। ਪੂੰਜੀਵਾਦੀ ਸਾਮਰਾਜ ਨੇ ਆਪਣਾ ਉਤਪਾਦਨ ਵੇਚਣ ਲਈ ਜਿਸ ਜਟਿਲ/ਸੂਖ਼ਮ ਤੰਤਰ ਦੀ ਸਿਰਜਣਾ ਕੀਤੀ ਹੈ, ਉਹ ਲੋਕ -ਵਿਰੋਧੀ ਪਰ ਭਰਮਾਊ ਹੈ। ਮੰਡੀ ਦੇ ਵਿਸਤਾਰ ਲਈ ਸਿਰਜੇ ਵਿਗਿਆਪਨਾਂ, ਸੰਚਾਰ-ਸਾਧਨਾ ਤੇ ਮੀਡੀਏ ਨੇ ਮਨੁੱਖ ਨੂੰ 'ਵਸਤ' ਤਕ ਘਟਾ ਦਿੱਤਾ ਹੈ। ਸਭ ਨੈਤਿਕ ਮੁੱਲਾਂ ਤੇ ਮਰਿਆਦਾਵਾਂ ਨੂੰ ਉਲੰਘ ਕੇ ਮੀਡੀਆ ਔਰਤ ਨੂੰ 'ਕਾਮੁਕ ਦੇਹ' ਤੱਕ ਘਟਾ ਰਿਹਾ ਹੈ। ਕੱਪੜਿਆਂ, ਗਹਿਣਆ ਤੇ ਕੌਸਮੈਟਿਕਸ ਦਾ ਸਾਮਾਨ ਵੇਚਣ ਵਾਲੇ ਵਿਗਿਆਪਨਾ ਵਿੱਚ ਔਰਤ ਦੇਹ ਤੋਂ ਵੱਧ ਨੰਗੀ ਹੈ।" [10]

ਇਸ ਗਲੈਮਰ ਪਿੱਛੇ ਔਰਤ ਦੇ ਜਿਸਮ ਦਾ ਵਪਾਰ ਕੀਤਾ ਜਾਣ ਲੱਗਿਆ। ਟੀਵੀ ਚੈਨਲਾਂ ਅਤੇ ਮੋਬਾਇਲ ਫੋਨਾਂ ਉੱਤੇ ਪਰੋਸੇ ਜਾਣ ਵਾਲੇ ਨੰਗੇਜ਼ ਨੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਦੀ ਮਾਨਸਿਕਤਾ ਨੂੰ ਜਿੱਥੇ ਗਰਤ ਵਿੱਚ ਧੱਕਿਆ ਹੈ, ਉੱਥੇ ਹੀ ਔਰਤਾਂ ਦੀ ਸੁਰੱਖਿਆ ਦਾ ਮਸਲਾ ਵੀ ਵੱਡਾ ਕਰ

ਦਿੱਤਾ ਹੈ। ਕਿਉਂਕਿ ਨੰਗੇਜ਼ ਪਰੋਸੇ ਜਾਣ ਨਾਲ ਬੇਕਾਬੂ ਹੁੰਦੀਆਂ ਦਮਿੱਤ ਭਾਵਨਾਵਾਂ ਹੀ ਇਨ੍ਹਾਂ ਅਣਗਿਣੱਤ ਜਬਰ-ਜਿਨਾਹ ਅਤੇ ਕੁਕਰਮਾਂ ਦਾ ਕਾਰਨ ਬਣਦੀਆਂ ਹਨ। ਸ਼ਾਇਰਾ ਔਰਤ ਦੇ ਹੁੰਦੇ ਮੰਡੀਕਰਨ ਨੂੰ ਆਪਣੀਆਂ ਗ਼ਜ਼ਲਾਂ ਵਿੱਚ ਇਉਂ ਪੇਸ਼ ਕਰਦੀ ਹੈ:

ਵੇਖ ਕੇ ਅੱਧਨੰਗੀਆਂ ਦਾ ਨਾਚ ਮੈਂ ਹਾਂ ਸੋਚਦੀ,

ਕਿਉਂ ਗ਼ਲੈਮਰ ਵੱਲ ਆਕਰਸ਼ਿਤ ਹੋ ਕੇ ਨਾਰੀ ਤੁਰ ਪਈ? [11]

ਆਧੁਨਿਕਤਾ ਦੇ ਆਉਣ ਨਾਲ ਭਾਰਤੀ ਸਮਾਜ ਵਿੱਚ ਜਿੱਥੇ ਬਹੁਤੇ ਮਸਲਿਆਂ ਤੇ ਸੋਝੀ ਵੇਖਣ ਨੂੰ ਮਿਲਦੀ ਹੈ, ਉੱਥੇ ਹੀ ਇਸ ਆਧੁਨਿਕਤਾ ਨੇ ਸਾਡੇ ਕੋਲੋਂ ਬਹੁਤ ਕੁੱਝ ਖੋਹ ਵੀ ਲਿਆ ਹੈ। ਪੰਜਾਬੀ ਸੱਭਿਆਚਾਰ ਵਿੱਚ ਸੰਵੇਦਨਾ, ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਨਾਲ ਰਹਿਣਾ, ਪੰਜਾਬੀ ਪਹਿਰਾਵਾ ਅਤੇ ਖਾਣ ਪੀਣ ਹਰ ਪੱਖੋਂ ਸਾਨੂੰ ਬਦਲਾਅ ਵੇਖਣ ਨੂੰ ਮਿਲਦਾ ਹੈ। ਜਿੱਥੇ ਸੂਟ ਸਲਵਾਰ ਅਤੇ ਸਿਰ ਉੱਤੇ ਚੁੰਨੀ ਫੁਲਕਾਰੀਆਂ ਸਾਡੇ ਪੰਜਾਬੀ ਸਭਿਆਚਾਰ ਵਿੱਚ ਨੌਜਵਾਨ ਮੁਟਿਆਰਾਂ ਵਿੱਚ ਸੰਗਾਂ ਸ਼ਰਮਾ ਉਸਦਾ ਗਹਿਣਾ ਮੰਨੀਆ ਜਾਂਦੀਆਂ ਸਨ। ਉੱਥੇ ਹੀ ਇਸ ਆਧੁਨਿਕਤਾ ਦੇ ਦੌਰ ਨੇ ਉਨ੍ਹਾਂ ਮੁਟਿਆਰਾਂ ਲਈ ਉਸ ਚੁੰਨੀ ਅਤੇ ਫੁਲਕਾਰੀ ਨੂੰ ਭਾਰ ਬਣਾ ਦਿੱਤਾ ਹੈ। ਸੰਗਾ ਸ਼ਰਮਾ ਦਾ ਨਾਮ ਨਿਸ਼ਾਨ ਹੀ ਮਿਟਾਇਆ ਜਾ ਚੁੱਕਿਆ ਹੈ। ਅਜੋਕਾ ਪੰਜਾਬੀ ਸਮਾਜ ਅਤੇ ਉਸ ਦਾ ਸੱਭਿਆਚਾਰ ਕੇਵਲ ਅਜਾਇਬ ਘਰਾਂ ਦੀ ਸ਼ਾਨ ਬਣਦਾ ਜਾ ਰਿਹਾ ਹੈ। ਸਮੇਂ ਦੇ ਹਾਣ ਦਾ ਹੋ ਕੇ ਚੱਲਣ ਵਿੱਚ ਕੋਈ ਹਰਜ ਨਹੀਂ ਪਰ ਉਸ ਕਾਰਨ ਆਪਣੀ ਸੱਭਿਆਚਾਰ ਨੂੰ ਅੱਖੋਂ ਪਰੋਖੇ ਕਰਨਾ ਅਤੇ ਪੱਛਮੀ ਰੁਝਾਨ ਕਾਰਨ ਆਪਣੇ ਕੱਪੜਿਆਂ ਨੂੰ ਦਿਨੋ-ਦਿਨ ਛੋਟੇ ਕਰਦੇ ਜਾਣਾ ਉੱਕਾ ਹੀ ਜਾਇਜ਼ ਨਹੀਂ। ਫੈਸ਼ਨ ਦੇ ਚਲਦੇ ਆਪਣੇ ਜਿਸਮ ਦੀ ਨੁਮਾਇਸ਼ ਕਰਨਾ ਸਾਨੂੰ ਸੱਭਿਆ ਨਹੀਂ ਬਣਾਉਂਦਾ ਸਗੋਂ ਦਿਨ ਨੂੰ ਦਿਨ ਸਾਡੀ ਮਾਨਸਿਕਤਾ ਦੇ ਗਰਤ ਵਿੱਚ ਧੱਸਦੇ ਜਾਣ ਦਾ ਸਪਸ਼ਟ ਪ੍ਰਮਾਣ ਹੈ। ਕੇਵਲ ਫੈਸ਼ਨ ਕੱਪੜਿਆਂ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਪੱਛਮ ਦਾ ਹਰ ਰਿਵਾਜ਼ ਹੁਣ ਪੰਜਾਬੀ ਸੱਭਿਆਚਾਰ ਨੂੰ ਜੜੋਂ ਹੀ ਖਤਮ ਕਰਦਾ ਜਾ ਰਿਹਾ ਹੈ। ਵਿਆਹ ਕਰਵਾਏ ਬਿਨਾਂ 'ਲੀਵਈਨ' ਵਿੱਚ ਰਹਿਣਾ ਅਤੇ ਵਿਆਹ ਤੋਂ ਬਿਨਾਂ ਬੱਚੇ ਪੈਦਾ ਕਰਨਾ ਆਦਿ ਵਰਗੇ ਪਤਾ ਨਹੀਂ ਕਿੰਨੇ ਹੀ ਰਿਵਾਜ਼ ਅਸੀਂ ਸਹਿਜੇ ਹੀ ਅਪਣਾ ਲਏ ਹਨ। ਕੇਵਲ ਇਸ ਸੋਚ ਦੇ ਚਲਦੇ ਕਿ ਇਹ ਤਾਂ ਸਭਿਆ ਲੋਕਾਂ ਦਾ ਕਲਚਰ ਹੈ। ਇਸੇ ਸੱਭਿਆ ਕਲਚਰ ਉੱਤੇ ਤੰਜ਼ ਕਸਦਿਆਂ ਸ਼ਾਇਰਾ ਕਹਿੰਦੀ ਹੈ:

ਬੁਝਾਈ ਜਾ ਰਹੀ ਹੈ ਰੋਜ਼ ਸੱਭਿਆਚਾਰ ਦੇ ਦੀਵੇ,

ਜਦੋਂ ਦੀ ਆ ਗਈ ਪੱਛਮ ਵੱਲੋਂ ਚੰਦਰੀ ਹਵਾ ਕੋਈ। [12]

ਚੁੰਨੀ ਸਿਰ ਤੋਂ ਲਹਿ ਗਈ, ਗਲ ਤੋਂ ਲੈ ਜਾਣੀ,

ਪੱਛਮੀ ਸੱਭਿਆਚਾਰ ਦਾ ਕਾਰਾ ਵੇਖਾਂਗੀ। [13]

ਵਿਸ਼ਵੀਕਰਨ ਅਤੇ ਉੱਤਰ ਆਧੁਨਿਕਤਾ ਦੇ ਚਲਦੇ ਬੇਸ਼ੱਕ ਅਸੀਂ ਵਿਗਿਆਨ ਦੀਆਂ ਨਵੀਆਂ ਨਵੀਆਂ ਖੋਜਾਂ ਤੋਂ ਜਾਣੂ ਹੋ ਚੁੱਕੇ ਹਾਂ, ਮਨੁੱਖੀ ਗਿਆਨ ਵਿੱਚ ਵਿਗਿਆਨ ਨੇ ਅਜਿਹਾ ਵੱਧਾ ਕੀਤਾ ਹੈ ਕਿ ਜਿਸ ਨਾਲ ਹਰ ਮਸਲੇ ਦਾ ਹੱਲ ਵਿਗਿਆਨਕ ਤੌਰ ਤੇ ਕੱਢਿਆ ਜਾ ਸਕਦਾ ਹੈ। ਪਰ ਅਜੋਕੇ ਸਮੇਂ ਵਿੱਚ ਵੀ ਜਿੱਥੇ ਅਸੀਂ ਵਿਗਿਆਨਕ ਯੁੱਗ ਵੱਲ ਵੱਧ ਰਹੇ ਹਾਂ, ਉੱਥੇ ਹੀ ਅੰਧ ਵਿਸ਼ਵਾਸ ਅਤੇ ਅਡੰਬਰਾਂ ਦੀ ਵੀ ਸਾਡੇ ਸਮਾਜ ਵਿੱਚ ਕੋਈ ਕਮੀ ਨਹੀਂ ਦਿਸਦੀ। ਅਜਿਹਾ ਹੀ ਕੁੱਝ ਸਾਨੂੰ ਅਜੋਕੇ ਸਮੇਂ ਵਿੱਚ ਵੱਖ-ਵੱਖ ਡੇਰਿਆਂ ਵਿੱਚ ਸ਼ੁਮਾਰ ਹੁੰਦੇ ਉਨਾਂ ਅਡੰਬਰੀ ਬਾਬਿਆਂ ਉੱਤੇ ਅੰਧ ਵਿਸ਼ਵਾਸ ਦੀ ਹੱਦ ਨਾਲ ਸਮਝਿਆ ਜਾ ਸਕਦਾ ਹੈ। ਪਹਿਲਾਂ ਇਹ ਸੋਚਿਆ ਜਾਂਦਾ ਸੀ ਕਿ ਇਹ ਕੇਵਲ ਪਿੰਡਾਂ ਦੀਆਂ ਭੋਲੀਆਂ-ਭਾਲੀਆਂ ਔਰਤਾਂ ਹੀ ਹਨ ਜੋ ਅਜਿਹੇ ਢੋਂਗੀ ਬਾਬਿਆਂ ਦੇ ਝੂਠੇ ਵਾਦਿਆਂ ਅਤੇ ਫਰੇਬੀ ਲਾਰਿਆਂ ਵਿੱਚ ਫਸ ਜਾਂਦੀਆਂ ਹਨ। ਪਰ ਸਮਕਾਲ ਵਿੱਚ ਇਹ ਡੇਰੇ ਅਤੇ ਡੇਰਾਵਾਦ ਇਨ੍ਹਾਂ ਪ੍ਰਭਾਵਸ਼ਾਲੀ ਹੋ ਚੁੱਕਿਆ ਹੈ ਕਿ ਹੁਣ ਸ਼ਹਿਰਾਂ ਦੀਆਂ ਪੜ੍ਹੀਆਂ-ਲਿਖੀਆਂ ਔਰਤਾਂ ਵੀ ਅਜਿਹੇ ਡੇਰਿਆਂ ਵਿੱਚ ਆਮ ਹੀ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਡੇਰਿਆਂ ਵਿੱਚ ਕਿਸ ਤਰ੍ਹਾਂ ਵੱਖ-ਵੱਖ ਝਾਂਸੇ ਦੇ ਕੇ ਨੌਜਵਾਨ ਕੁੜੀਆਂ ਨੂੰ ਫਸਾਇਆ ਜਾਂਦਾ ਹੈ ਅਤੇ ਮਗਰੋਂ ਉਹਨਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਪਤਾ ਨਹੀਂ ਕਿੰਨੇ ਹੀ ਅਜਿਹੇ ਬਾਬੇ ਅਤੇ ਉਨ੍ਹਾਂ ਦੇ ਡੇਰਿਆਂ ਉਤੇ ਜਦੋਂ ਪੁਲਿਸ ਵੱਲੋਂ ਛਾਪੇ ਮਾਰੇ ਜਾਂਦੇ ਹਨ ਤਦ ਅਜਿਹੇ ਖੌਫਨਾਕ ਰਾਜ਼ ਸਾਹਮਣੇ ਆਉਂਦੇ ਹਨ, ਜਿਨ੍ਹਾਂ ਬਾਰੇ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੁੰਦਾ। ਡੇਰਾਵਾਦ ਨੂੰ ਆਪਣੀਆਂ ਗ਼ਜ਼ਲਾਂ ਵਿੱਚ ਤਨਜ਼ ਭਰੇ ਸ਼ਬਦਾ ਨਾਲ ਇਉਂ ਬਿਆਨ ਕਰਦੀ ਸ਼ਾਇਰਾ ਕਹਿੰਦੀ ਹੈ:

ਇਹ ਸੁਣ ਕੇ ਵੀ ਸ਼ੋਸ਼ਣ ਦੇ ਕਿੱਸੇ ਬਥੇਰੇ,

**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 9.134
Volume - 9, Issue - 9, September - 2026

ਤੇ ਫਿਰ ਕਿਉਂ ਤੂੰ ਜਾਵੇਂ ਪਖੰਡੀਆਂ ਦੇ ਡੇਰੇ? [14]

ਅਜੋਕੇ ਸਮਾਜ ਵਿੱਚ ਡੀਜੇ ਉੱਤੇ ਨੱਚਦੀਆਂ ਉਨ੍ਹਾਂ ਅਨੇਕਾਂ ਹੀ ਮੁਟਿਆਰਾਂ ਕੁੜੀਆਂ ਦੇ ਦਰਦ ਅਤੇ ਸੰਤਾਪ ਨੂੰ ਸਮਝਣ ਦੀ ਥਾਂ ਲੋਕਾਂ ਵੱਲੋਂ ਉਨ੍ਹਾਂ ਉੱਤੇ ਅਨੇਕਾਂ ਵਿਅੰਗ ਕਸੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਹਰ ਥਾਂ ਲੋਕਾਂ ਦੀਆਂ ਹਵਸ ਭਰੀਆਂ ਨਜ਼ਰਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕੋਈ ਵੀ ਔਰਤ ਜੇਕਰ ਅਜਿਹੇ ਕਾਰਜ ਨੂੰ ਰੁਜ਼ਗਾਰ ਦੇ ਰੂਪ ਵਿੱਚ ਚੁਣਦੀ ਹੈ ਤਦ ਉਸ ਪਿੱਛੇ ਉਨ੍ਹਾਂ ਦੀਆਂ ਅਨੇਕਾਂ ਮਜਬੂਰੀਆਂ ਹੁੰਦੀਆਂ ਹਨ। ਕੋਈ ਵੀ ਔਰਤ ਆਪਣੀ ਖੁਸ਼ੀ ਨਾਲ ਆਪਣੀ ਦੇਹ ਦਾ ਵਪਾਰ ਨਹੀਂ ਕਰਦੀ। ਸਮਾਜ ਵਿੱਚ ਅਜਿਹੀਆਂ ਬਹੁਤੀਆਂ ਔਰਤਾਂ ਹਨ ਜਿਨਾਂ ਨੂੰ ਜਬਰਨ ਇਸ ਹਨੇਰ ਭਰੀ ਦੁਨੀਆਂ ਵਿੱਚ ਧੱਕ ਦਿੱਤਾ ਜਾਂਦਾ ਹੈ ਅਤੇ ਨਾ ਚਾਹੁੰਦੇ ਹੋਏ ਵੀ ਉਨਾਂ ਨੂੰ ਉਸ ਨੂੰ ਆਪਣੀ ਕਿਸਮਤ ਮੰਨਣਾ ਪੈਂਦਾ ਹੈ। ਬਹੁਤੀਆਂ ਔਰਤਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਜਬਰਨ ਜਿਸਮ ਫਰੋਸ਼ੀ ਦੇ ਕਿੱਤੇ ਲਾਇਆ ਜਾਂਦਾ ਹੈ। ਸ਼ਾਇਰਾ ਕਲਕੱਤੇ ਦੇ ਆਪਣੇ ਦੌਰੇ ਸਮੇਂ ਅਜਿਹੀ ਔਰਤ ਨੂੰ ਮਿਲਦੀ ਅਤੇ ਉਸ ਬਾਰੇ ਜਾਣਣ ਦਾ ਯਤਨ ਕਰਦੀ ਹੈ, ਜਿਸ ਨੂੰ ਜਿਸਮ ਫਰੋਸ਼ੀ ਵਿੱਚ ਜਬਰਨ ਧੱਕਿਆ ਗਿਆ। ਕਿੰਨੀਆਂ ਹੀ ਮਜਬੂਰੀਆਂ ਕਾਰਨ ਔਰਤਾਂ ਇਸ ਕਿੱਤੇ ਨੂੰ ਆਪਣੀ ਕਿਸਮਤ ਮੰਨ ਲੈਂਦੀਆਂ ਹਨ। ਅਜਿਹੀਆਂ ਔਰਤਾਂ ਦੇ ਸੰਤਾਪ ਨੂੰ ਵੀ ਜੁਬਾਨ ਦੇਣ ਦਾ ਯਤਨ ਕਰਦਿਆਂ ਸ਼ਾਇਰਾ ਕਹਿੰਦੀ ਹੈ:

ਇਹ ਗੱਲ ਘੁੰਗਰੂ ਨਹੀਂ ਜਾਣਦੇ ਪਤਾ ਹੈ ਭੁੱਖੇ ਢਿੱਡ ਤਾਈ,

ਕਿਸ ਭਾਅ ਵਿਕਣਗੀਆਂ ਇਹ ਵਾਜਾਂ ਝਾਂਜਰ ਦੀ ਛਣਕਾਰ ਦੀਆਂ। [15]

ਵਿਕ ਰਹੀ ਹੈ ਸਿਰ ਦੀ ਚੁੰਨੀ ਸ਼ਾਮ ਨੂੰ,

ਸੱਜ ਗਏ ਬਾਜ਼ਾਰ ਤੇਰੇ ਸ਼ਹਿਰ ਵਿੱਚ। [16]

ਪੈਸਾ ਅਤੇ ਪੈਸੇ ਦੀ ਭੁੱਖ ਅਜੋਕੇ ਮਨੁੱਖ ਦੇ ਹੱਥੋਂ ਉਹ ਕਾਰਜ ਵੀ ਕਰਵਾ ਸਕਦੀ ਹੈ ਜੋ ਪਰੰਪਰਾਗਤ ਸਮੇਂ ਕਿਸੇ ਲਾਹਨਤ ਤੋਂ ਘੱਟ ਨਹੀਂ ਸਮਝਿਆ ਜਾਂਦੇ ਸਨ। ਪਰਵਾਸ ਧਾਰਨ ਕਰਨਾ ਕਿਸੇ ਸਮੇ ਕੇਵਲ ਮਜਬੂਰੀ ਹੁੰਦੀ ਸੀ ਪਰ ਅਜੋਕੇ ਸਮੇਂ ਇਹ ਫੈਸ਼ਨ ਬਣਦਾ ਜਾ ਰਿਹਾ ਹੈ। ਵਿਦੇਸ਼ਾਂ ਵਿੱਚ ਜਾਣਾ ਅਤੇ ਵਾਸ ਕਰਨਾ ਸਾਡੇ ਰੁਤਬੇ ਦੇ ਪਛਾਣ-ਚਿਨ੍ਹ ਬਣ ਚੁੱਕੇ ਹਨ। ਅਜੋਕੇ ਸਮੇਂ ਗੈਰ ਕਾਨੂੰਨੀ ਢੰਗ ਨਾਲ ਪ੍ਰਵਾਸ ਧਾਰਨ ਕਰਨਾ ਬਹੁਤ ਆਮ ਜਿਹੀ ਗੱਲ ਹੋ ਚੁੱਕੀ ਹੈ। ਡੌਂਕੀ ਵਰਗੇ ਰਸਤੇ ਅਖਤਿਆਰ ਕਰਕੇ ਵਿਦੇਸ਼ਾਂ ਵਿੱਚ ਜਾਣਾ ਅਤੇ ਉਸ ਮਗਰੋਂ ਰਸਤਿਆਂ ਵਿੱਚ ਉਨ੍ਹਾਂ ਨੌਜਵਾਨਾਂ ਨਾਲ ਹੁੰਦੇ ਤਸ਼ੱਦਦ ਬਾਰੇ ਕੇਵਲ ਉਹ ਹੀ ਨਹੀਂ ਸਗੋਂ ਉਨ੍ਹਾਂ ਵਿੱਚੋਂ ਜੇਕਰ ਕੋਈ ਜਿੰਦਾ ਵਾਪਸ ਪਰਤ ਆਉਂਦਾ ਹੈ ਤਦ ਉਹ ਆਪਣੇ ਉਨ੍ਹਾਂ ਤਸ਼ੱਦਦਾਂ ਬਾਰੇ ਆਪ ਹੀ ਰੋ ਰੋ ਦੱਸਦੇ ਹਨ। ਪੈਸੇ ਪਿੱਛੇ ਕਮਲੀ ਹੋਈ ਮਾਨਸਿਕਤਾ ਨੇ ਵਿਦੇਸ਼ ਵਿੱਚ ਜਾਣਾ ਜੀਵਨ ਜਿਉਣ ਦੇ ਸਭ ਤੋਂ ਸੌਖੇ ਤਰੀਕੇ ਵਜੋਂ ਚੁਣਿਆ। ਪੰਜਾਬ ਦੇ ਪਿੰਡਾਂ ਦੇ ਪਿੰਡ ਖਾਲੀ ਹੋ ਗਏ ਜਦੋਂ ਰੁਤਬੇ ਲਈ ਡੌਂਕੀ ਵਰਗੇ ਰਾਹ ਅਖਤਿਆਰ ਕਰਕੇ ਵਿਦੇਸ਼ ਜਾਣਾ ਚੁਣਿਆ ਜਾਣ ਲੱਗਿਆ। ਉਸ ਲਈ ਉਨ੍ਹਾਂ ਆਪਣੀਆਂ ਜਮੀਨਾਂ ਅਤੇ ਘਰ ਬਾਰ ਸਭ ਵੇਚ ਵੱਟ ਕੇ ਕਨੇਡਾ, ਅਮਰੀਕਾ ਜਾਣਾ ਆਰੰਭ ਕਰ ਦਿੱਤਾ। ਪਰ ਗੈਰ ਕਾਨੂੰਨੀ ਰਸਤੇ ਅਖਤਿਆਰ ਕਰਕੇ ਵਿਦੇਸ਼ ਜਾਣ ਵਾਲੇ ਉਨ੍ਹਾਂ ਪਰਿਵਾਰਾਂ ਦੇ ਨੌਜਵਾਨ ਬੱਚਿਆਂ ਨਾਲ ਕਿਸ ਤਰ੍ਹਾਂ ਦਾ ਧੋਖਾ ਕੀਤਾ ਜਾਂਦਾ ਹੈ ਜਦੋਂ ਉਨ੍ਹਾਂ ਨੂੰ ਝੂਠੇ ਵਾਦਿਆਂ ਨਾਲ ਸਮੁੰਦਰਾਂ ਦੇ ਵਿੱਚੋਂ ਅਤੇ ਜੰਗਲਾਂ ਵਿੱਚੋਂ ਗੈਰ ਕਾਨੂੰਨੀ ਢੰਗ ਨਾਲ ਉਸ ਦੇਸ਼ ਦੇ ਬਾਰਡਰ ਉੱਤੇ ਮਰਨ ਲਈ ਛੱਡ ਦਿੱਤਾ ਜਾਂਦਾ ਹੈ। ਜੋ ਉਨ੍ਹਾਂ ਵਿੱਚੋਂ ਮੌਤ ਦੇ ਮੂੰਹ ਵਿੱਚੋਂ ਨਿਕਲ ਕੇ ਵਾਪਸ ਆ ਜਾਂਦੇ ਹਨ ਉਨ੍ਹਾਂ ਕੋਲ ਘਰ ਵਾਪਸ ਮੁੜ ਆਉਣ ਲਈ ਕੋਈ ਹਿੰਮਤ ਨਹੀਂ ਹੁੰਦੀ ਕਿਉਂਕਿ ਉਹ ਵਿਦੇਸ਼ ਜਾਣ ਲਈ ਅਖਤਿਆਰ ਕੀਤੇ ਗੈਰ ਕਾਨੂੰਨੀ ਤਰੀਕਿਆਂ ਵਿੱਚ ਆਪਣੀ ਸਾਰੀ ਜਮਾਂ ਪੂੰਜੀ ਬਰਬਾਦ ਕਰ ਚੁੱਕੇ ਹੁੰਦੇ ਹਨ। ਹੁਣ ਉਹ ਨਾ ਹੀ ਵਿਦੇਸ਼ ਵਿੱਚ ਰਹਿ ਕੇ ਕਮਾਈ ਕਰ ਸਕਦੇ ਜਿਸ ਦੇ ਉਨ੍ਹਾਂ ਰੰਗਲੇ ਸੁਪਨੇ ਵੇਖੇ ਹੁੰਦੇ ਸਨ ਅਤੇ ਨਾ ਹੀ ਉਹ ਹੁਣ ਆਪਣੇ ਘਰ ਵਾਪਸ ਮੁੜਨ ਜੋਗੀ ਹਿੰਮਤ ਜੁਟਾ ਪਾਉਂਦੇ ਹਨ। ਕਿਉਂਕਿ ਉਨ੍ਹਾਂ ਆਪਣਾ ਸਭ ਕੁੱਝ ਗਵਾ ਦਿੱਤਾ ਹੁੰਦਾ ਹੈ ਕੇਵਲ ਕਨੇਡਾ ਅਮਰੀਕਾ ਦੇ ਸੁਪਨਿਆਂ ਦੇਖਦਿਆਂ। ਅਜਿਹਾ ਹੀ ਕੁੱਝ ਨੌਜਵਾਨ ਕੁੜੀਆਂ ਨਾਲ ਵੀ ਹੁੰਦਾ ਹੈ ਜਦੋਂ ਅਜੋਕੇ ਮਾਤਾ-ਪਿਤਾ ਧੀ ਨੂੰ ਵਿਦੇਸ਼ਾਂ ਵਿੱਚ ਭੇਜਣ ਲਈ ਵਿਦੇਸ਼ਾਂ ਵਿੱਚੋਂ ਆਏ ਉਨ੍ਹਾਂ ਰਿਸ਼ਤਿਆਂ ਨੂੰ ਕਬੂਲ ਕਰ ਲੈਂਦੇ ਹਨ ਜਿਨਾਂ ਦਾ ਕੋਈ ਅਤਾ-ਪਤਾ ਨਹੀਂ ਹੁੰਦਾ। ਇਸ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਵਿੱਚ ਇੱਕ ਦਾ ਆਈਲੈਟਸ ਕਰਨਾ ਅਤੇ ਦੂਜਾ ਪੈਸਾ ਲਾ ਕੇ ਵਿਦੇਸ਼ ਜਾਣ ਵਾਲੇ ਨਕਲੀ ਵਿਆਹ ਕਰਵਾਉਣ ਦਾ ਤਾਂ ਜਿਵੇਂ ਫੈਸ਼ਨ ਹੀ ਚੱਲ ਪਿਆ ਹੋਵੇ। ਪਰ ਅਜਿਹੇ ਵਿਆਹ ਵਿਦੇਸ਼ ਪਹੁੰਚਦਿਆਂ ਹੀ ਟੁੱਟ ਜਾਂਦੇ ਹਨ। ਇੱਕ ਆਪਣੇ ਰਾਹ ਤੇ ਦੂਜਾ ਆਪਣੇ ਰਾਹ ਅਤੇ ਜੇਕਰ ਉਥੋਂ ਦੀਆਂ ਸਰਕਾਰਾਂ ਨੂੰ ਇਸ ਬਾਰੇ ਪਤਾ ਲੱਗ ਜਾਵੇ ਤਾਂ ਉਹ ਵਾਪਸ ਮੋੜ ਦਿੱਤੇ ਜਾਂਦੇ ਹਨ, ਜੇਕਰ ਅਜਿਹਾ ਨਾ ਹੋਵੇ ਤਦ ਵਿਦੇਸ਼ ਪਹੁੰਚ ਕੇ ਅਲੱਗ ਹੋਣ ਬਾਅਦ ਕੁੜੀਆਂ ਨੂੰ ਬਹੁਤੇ ਤਸ਼ੱਦਦ ਭਰੇ ਦਿਨ ਗੁਜ਼ਾਰਣੇ ਪੈਂਦੇ ਹਨ। ਜਿਸ ਕਾਰਨ ਹੀ ਉਹ ਵਿਦੇਸ਼ਾਂ ਵਿੱਚ ਗੰਦੀ ਮਾਨਸਿਕਤਾ ਦਾ ਸ਼ਿਕਾਰ ਹੁੰਦੀਆਂ ਹਨ। ਸਮਕਾਲੀਨ ਸਮੇਂ ਵਿੱਚ ਵੀ ਘੱਟ ਉਮਰ ਦੀਆਂ ਕੁੜੀਆਂ ਨੂੰ ਵਿਦੇਸ਼ਾਂ ਵਿੱਚ ਭੇਜਣ ਦਾ ਰਿਵਾਜ਼ ਚਲ

ISSN(o): 2581-6241
Impact Factor: 9.134

ਪਿਆ ਹੈ। ਪਰ ਉਸ ਨਾਲ ਉਹ ਕੁੜੀਆਂ ਵਿਦੇਸ਼ਾਂ ਵਿੱਚ ਸੈਕਸ-ਰੈਕਟ ਆਦਿ ਵਾਲੇ ਗਿਰੋਹਾਂ ਦੇ ਹੱਥ ਲੱਗਦੀਆਂ ਹਨ। ਆਪਣੇ ਜੀਵਨ ਦੇ ਵਸੀਲੇ ਲਈ ਉਨਾਂ ਨੂੰ ਇਹ ਰਸਤੇ ਅਖਤਿਆਰ ਕਰਨੇ ਪੈਂਦੇ ਹਨ। ਸ਼ਾਇਰਾ ਵਿਦੇਸ਼ ਵਿਆਹ ਕਰਨ ਦੇ ਚਾਹਵਾਨ ਮਾਪਿਆਂ ਨੂੰ ਆਗਾਹ ਕਰਦਿਆਂ ਕਹਿੰਦੀ ਹੈ:

ਧੋਖੇਬਾਜ਼ ਵਿਦੇਸ਼ੀ ਲਾੜਿਆਂ ਨਾਲ ਵਿਆਹੀਆਂ ਕੁੜੀਆਂ,

ਵਿੱਚ ਕਚਹਿਰੀ ਲਈ ਫਿਰਦੀਆਂ ਲਾਵਾਂ ਦੇ ਸਿਰਨਾਵੇਂ। [17]

ਅਜੋਕੇ ਸਮੇਂ ਵਿੱਚ ਇਸ ਤੋਂ ਵੀ ਜਿਆਦਾ ਹੱਦ ਵਾਲੀ ਗੱਲ ਵੇਖਣ ਨੂੰ ਮਿਲਦੀ ਹੈ ਜਦੋਂ ਜੋ ਕਿਸ ਸਮੇਂ ਵਿੱਚ ਕੁੜੀਆਂ ਦਾ ਵਿਆਹ ਕਰਵਾ ਕੇ ਬਾਹਰ ਜਾਣਾ ਅਤੇ ਮਗਰੋਂ ਆਪਣੇ ਪਤੀ ਨੂੰ ਉੱਥੇ ਬੁਲਾਉਣ ਵਾਲਾ ਰਿਵਾਜ਼ ਪੰਜਾਬ ਵਿੱਚ ਬਹੁਤ ਆਮ ਹੋ ਚੁੱਕਿਆ ਹੈ। ਕੇਵਲ ਮੁੰਡੇ ਹੀ ਕੁੜੀਆਂ ਨਾਲ ਧੋਖਾ ਨਹੀਂ ਕਰਦੇ ਸਗੋਂ ਅਜੋਕੇ ਸਮੇਂ ਬਹੁਤੇ ਅਜਿਹੇ ਪਰਿਵਾਰ ਵੇਖਣ ਨੂੰ ਮਿਲਦੇ ਹਨ ਜਿਨ੍ਹਾਂ ਆਪਣੀਆਂ ਨੂੰਹਾਂ ਨੂੰ ਪੈਸਾ ਲਾ ਕੇ ਵਿਦੇਸ਼ਾਂ ਵਿੱਚ ਭੇਜਿਆ ਤਾਂ ਜੋ ਉਹ ਉਨ੍ਹਾਂ ਦੇ ਪੁੱਤਰ ਨੂੰ ਉੱਥੇ ਬੁਲਾ ਸਕਣ। ਪਰ ਮਗਰੋਂ ਉਹ ਕੁੜੀਆਂ ਵਿਦੇਸ਼ ਪਹੁੰਚਣ ਤੋਂ ਬਾਅਦ ਉਸ ਪਰਿਵਾਰ ਨਾਲ ਸਾਰੇ ਰਿਸ਼ਤੇ ਨਾਤੇ ਤੋੜ ਆਪਣੇ ਨਵੇਂ ਜੀਵਨ ਵਿੱਚ ਪ੍ਰਵੇਸ਼ ਕਰ ਜਾਂਦੀਆਂ ਹਨ। ਇਹ ਰਿਵਾਜ਼ ਪੰਜਾਬ ਵਿੱਚ ਬੜਾ ਆਮ ਹੋ ਚੁੱਕਿਆ ਹੈ। ਕਿੰਨੇ ਹੀ ਪਰਿਵਾਰਾਂ ਨੇ ਆਪਣੀ ਸਾਰੀ ਜਮਾਂ ਪੂੰਜੀ ਲਾ ਕੇ ਆਪਣੀ ਨੂੰਹ ਨੂੰ ਵਿਦੇਸ਼ ਭੇਜਿਆ ਹੁੰਦਾ ਹੈ ਅਤੇ ਉਸ ਨੂੰਹ ਦੁਆਰਾ ਉੱਥੇ ਪਹੁੰਚਣ ਤੇ ਸਾਰੇ ਰਿਸ਼ਤੇ ਨਾਤੇ ਖਤਮ ਕਰਕੇ ਆਪਣਾ ਨਵਾਂ ਸੰਸਾਰ ਵਸਾ ਲੈਣਾ ਅਤੇ ਇਸ ਦੇ ਚਲਦੇ ਉਨ੍ਹਾਂ ਪਰਿਵਾਰਾਂ ਲਈ ਜੀਵਨ ਨਰਕ ਬਰਾਬਰ ਹੋ ਜਾਣਾ ਪੰਜਾਬ ਦੀ ਸਮਕਾਲੀਨ ਤ੍ਰਾਸਦਿਕ ਸਥਿਤੀ ਦੀ ਮੂੰਹੋਂ ਬੋਲਦੀ ਤਸਵੀਰ ਪੇਸ਼ ਕਰਦੀ ਹੈ। ਜਿੱਥੇ ਪਿਤਰਕੀ ਸੱਤਾ ਕਾਰਨ ਔਰਤ ਨੂੰ ਅਬਲਾ ਅਤੇ ਵਿਚਾਰੀ ਵਰਗੇ ਨਾਵਾਂ ਦਾ ਸੰਬੋਧਨ ਪ੍ਰਾਪਤ ਹੋਇਆ ਹੈ ਉੱਥੇ ਹੀ ਅਜੋਕਾ ਦੌਰ ਅਜਿਹਾ ਦੌਰ ਬਣ ਕੇ ਉਭਰਿਆ ਹੈ ਜਿਸ ਵਿੱਚ ਔਰਤ ਨੇ ਆਪਣੇ ਹੱਕਾਂ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਵੀ ਕੀਤੇ ਹਨ। ਪਰ ਉਸ ਸੰਘਰਸ਼ ਤੋਂ ਪ੍ਰਾਪਤ ਹੋਈ ਉਸ ਆਜ਼ਾਦੀ ਦੀ ਬਹੁਤੀਆਂ ਔਰਤਾਂ ਨੇ ਦੁਰਵਰਤੋਂ ਕਰਨੀ ਵੀ ਆਰੰਭ ਕਰ ਦਿੱਤੀ । ਉਸ ਆਜ਼ਾਦੀ ਨੇ ਅਜੋਕੀ ਔਰਤ ਨੂੰ ਇਹ ਸਮਝਣ ਤੋਂ ਮੁਨਕਰ ਕਰ ਦਿੱਤਾ ਹੈ ਕਿ ਉਸਦੀ ਆਪਣੀ ਆਜ਼ਾਦੀ ਕਿਸੇ ਦੂਜੇ ਮਨੁੱਖ ਲਈ ਸੰਤਾਪ ਬਣਦਾ ਜਾ ਰਿਹਾ ਹੈ। ਅਜੋਕੀ ਨਾਰੀ ਪੂਰਨ ਮਰਦ ਦੀ ਅਜਿਹੀ ਤਲਾਸ਼ ਵਿੱਚ ਹੈ ਜਿਸ ਕਾਰਨ ਉਹ ਅਨੇਕਾਂ ਲੋਕਾਂ ਲਈ ਸੰਤਾਪ ਦਾ ਕਾਰਨ ਬਣਦੀ ਹੈ। ਪਹਿਲਾਂ ਨਾਰੀ ਪਿਆਰ-ਵਿਆਹ ਕਾਰਨ ਆਪਣੇ ਮਾਤਾ-ਪਿਤਾ ਨੂੰ ਸੰਤਾਪ ਦਿੰਦੀ ਹੈ ਅਤੇ ਮਗਰੋਂ ਉਸ ਵਿਆਹ ਵਾਲੇ ਮਰਦ ਤੋਂ ਜਦੋਂ ਉਸਦਾ ਮਨ ਉਪਰਾਮ ਹੋ ਜਾਂਦਾ ਹੈ ਤਦ ਉਹ ਕਿਸੇ ਦੂਜੇ ਪੂਰਨ ਮਰਦ ਦੀ ਤਲਾਸ਼ ਵਿੱਚ ਆਪਣੇ ਪਤੀ ਲਈ ਸੰਤਾਪ ਦਾ ਕਾਰਨ ਬਣਦੀ ਹੈ। ਦੰਪਤੀ ਜੀਵਨ ਵਿੱਚ ਇਹ ਉਲਾਰਤਾ ਕੇਵਲ ਮਰਦ ਜਾਂ ਔਰਤ ਇੱਕ ਲਈ ਨਹੀਂ ਬਲਕਿ ਦੋਵਾਂ ਲਈ ਲਾਗੂ ਹੁੰਦੀ ਹੈ। ਪਰ ਅਜੋਕੇ ਦੌਰ ਵਿੱਚ ਇਹ ਉਲਾਰਤਾਂ ਜਿਆਦਾ ਔਰਤ ਵਿੱਚ ਵੇਖਣ ਨੂੰ ਮਿਲਦੀ ਹੈ। ਉਹ ਵਿਆਹ ਬਾਹਰੇ ਸੰਬੰਧ ਬਣਾ ਕੇ ਆਪਣੀ ਕਾਮ ਪੂਰਤੀ ਵੀ ਕਰਨਾ ਚਾਹੁੰਦੀ ਹੈ ਨਾਲ ਹੀ ਆਪਣੇ ਵਿਆਹ ਨੂੰ ਬਣਾਏ ਰੱਖਕੇ ਉਹ ਸੱਭਿਆ ਸਮਾਜ ਦਾ ਹਿੱਸਾ ਵੀ ਬਣੀ ਰਹਿਣਾ ਚਾਹੁੰਦੀ ਹੈ:

> "ਅੱਜ ਦੇ ਸਮੇਂ ਵਿੱਚ ਅਸੀਂ ਬਹੁਤ ਸਾਰੀਆਂ ਥਾਵਾਂ ਤੇ ਦੇਖਦੇ ਹਾਂ ਕੀ ਮਰਦ ਵੀ ਨਪੀੜਿਆ ਜਾ ਰਿਹਾ ਹੈ। ਕਈ ਥਾਈਂ ਯੂਨਾਈਟਡ ਸਟੇਟ ਅਤੇ ਲੈਟੀਨ ਅਮਰੀਕਾ ਵਰਗੇ ਦੇਸ਼ਾਂ ਵਿੱਚ ਔਰਤ ਦਾ ਰਾਜ ਵਧਦਾ ਜਾ ਰਿਹਾ ਹੈ ਤੇ ਮਰਦ ਦੂਜੇ ਸਥਾਨ ਤੇ ਆ ਰਿਹਾ ਹੈ।" [18]

ਪਰ ਅਜੋਕੀ ਔਰਤ ਇਸ ਤੋਂ ਵੀ ਕੁੱਝ ਅਗਾਂਹ ਵੱਧ ਚੁੱਕੀ ਹੈ। ਸਮਕਾਲ ਵਿੱਚ ਅਜਿਹੀਆਂ ਬਹੁਤ ਘਟਨਾਵਾਂ ਸੁਣੀਆਂ ਜਾ ਸਕਦੀਆਂ ਹਨ ਜਿਨ੍ਹਾਂ ਵਿੱਚ ਔਰਤ ਨੇ ਆਪਣੇ ਵਿਆਹ ਬਾਹਰੇ ਸੰਬੰਧਾਂ ਦੇ ਚਲਦੇ ਆਪਣੇ ਜੀਵਨ-ਸਾਥੀ ਨੂੰ ਮਾਰ ਮੁਕਾਇਆ ਹੋਵੇ। ਆਜ਼ਾਦੀ ਦੀ ਇਹ ਕਿਸ ਤਰ੍ਹਾਂ ਦੀ ਪਰਿਭਾਸ਼ਾ ਬਣਾ ਦਿੱਤੀ ਹੈ ਔਰਤ ਨੇ ਜਿਸ ਵਿੱਚ ਇੱਕ ਦੀ ਆਜ਼ਾਦੀ ਦੂਜੇ ਲਈ ਮੌਤ ਦਾ ਰਾਹ ਬਣਦੀ ਜਾ ਰਹੀ ਹੈ। ਕੋਈ ਸਮਾਂ ਸੀ ਜਦ ਮਾਤਾ-ਪਿਤਾ ਆਪਣੀ ਮਰਜ਼ੀ ਨਾਲ ਜਿੱਥੇ ਚਾਹੁੰਦੇ ਆਪਣੇ ਬੱਚਿਆਂ ਦਾ ਰਿਸ਼ਤਾ ਪੱਕਾ ਕਰਦੇ ਅਤੇ ਵਿਆਹ ਕਰਦੇ, ਉਹ ਵਿਆਹ ਸੰਗਾਂ ਸ਼ਰਮਾ ਦੇ ਸਿਰ ਤੇ ਸਾਰੀ ਉਮਰ ਨਿਭਾਏ ਜਾਂਦੇ ਸਨ। ਪਰ ਆਧੁਨਿਕਤਾ ਦੀ ਦਿੱਤੀ ਖੁੱਲ੍ਹ ਨੇ ਔਰਤ ਨੂੰ ਮਨ ਭਾਉਂਦਾ ਵਰ ਹਾਸਿਲ ਕਰਨ ਦੀ ਖੁੱਲ੍ਹ ਤਾਂ ਦਿੱਤੀ ਨਾਲ ਹੀ ਨਾਲ ਉਸ ਖੁੱਲ੍ਹ ਦਾ ਦਾਇਰਾ ਇਨਾਂ ਵੱਧ ਗਿਆ ਕਿ ਹੁਣ ਉਸ ਔਰਤ ਦੀ ਸਰੀਰਕ ਲੋੜ ਲਈ ਉਹ ਮਨ ਭਾਉਂਦਾ ਵਰ ਵੀ ਘੱਟ ਜਾਪਦਾ ਹੈ। ਕਿਉਂਕਿ ਅਜੋਕੇ ਸਮਾਜ ਵਿੱਚ ਵਿਆਹ ਬਾਹਰੇ ਸੰਬੰਧਾਂ ਦੀਆਂ ਘਟਨਾਵਾਂ ਜਿਆਦਾ ਔਰਤਾਂ ਦੀਆਂ ਹੀ ਸੁਣਨ ਨੂੰ ਮਿਲਦੀਆਂ ਹਨ। ਆਪਣੇ ਜੀਵਨ ਸਾਥੀ ਦਾ ਕਤਲ ਕਰਨਾ ਅਤੇ ਆਪਣੇ ਪ੍ਰੇਮੀ ਤੋਂ ਆਪਣੀ ਕਾਮ ਪੂਰਤੀ ਲਈ ਹੱਸਦੇ ਵਸਦੇ ਪਰਿਵਾਰ ਉਜਾੜਨਾ ਅਜੋਕੇ ਸਮੇਂ ਦੀ ਅਜਿਹੀ ਤ੍ਰਾਸਦੀ ਹੈ ਜਿਸ ਨੂੰ ਉਸ ਔਰਤ ਵੱਲੋਂ ਹੀ ਨੇਪਰੇ ਚਾੜਿਆ ਜਾਂਦਾ ਹੈ ਜੋ ਕਿਸੇ ਸਮੇਂ ਭੋਲੀ ਅਤੇ ਅਬਲਾ ਅਖਵਾਉਂਦੀ ਸੀ। ਅਜਿਹੀ ਸਥਿਤੀ ਨੂੰ ਸ਼ਾਇਰਾ ਆਪਣੀ ਗ਼ਜ਼ਲ ਵਿੱਚ ਇਉਂ ਬਿਆਨ ਕਰਦੀ ਹੈ:

ਹੱਕਾਂ ਦੀ ਦੁਰਵਰਤੋਂ ਕੀਤੀ ਚਾਹੇ ਕੁਝ ਕੁ ਨਾਰਾਂ ਨੇ,

ਪਰ ਉਨਾਂ ਬਦਨਾਮ ਹੈ ਕੀਤਾ ਬਾਕੀ ਸਾਰੀਆਂ ਨਾਰਾਂ ਨੂੰ। [19]

ਸ਼ਾਇਰਾ ਗੁਰਚਰਨ ਕੌਰ ਕੋਚਰ ਦੀ ਗ਼ਜ਼ਲ ਦੇ ਅਧਿਅਨ ਤੋਂ ਬਾਅਦ ਇਹ ਕਹਿਣਾ ਵਾਜਿਬ ਹੋਵੇਗਾ ਕਿ ਸ਼ਾਇਰਾਂ ਨੇ ਨਾਰੀ ਹੁੰਦਿਆਂ ਹੋਇਆਂ ਵੀ ਜੇਕਰ ਨਾਰੀ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ ਤਦ ਉਸਦੇ ਨਾਲ ਹੀ ਉਸਨੇ ਆਪਣੀ ਸੰਵੇਦਨਾ ਉਨ੍ਹਾਂ ਮਰਦਾਂ ਪ੍ਰਤੀ ਵੀ ਵਿਅਕਤ ਕੀਤੀ ਹੈ ਜਿਨ੍ਹਾਂ ਨੂੰ ਅਜੋਕੇ ਸਮੇਂ ਦੀ ਨਾਰੀਵਾਦੀ ਸੋਚ ਵਾਲੀ ਔਰਤ ਹੱਥੋਂ ਪੜਤਾੜਨਾ ਸਹਾਰਨੀ ਪੈਂਦੀ ਹੈ। ਮਰਦ ਦੀ ਇਹ ਪਰਤਾੜਨਾ ਅੱਜੋਕੇ ਸਮੇਂ ਤੋਂ ਆਰੰਭ ਹੋਈ ਪਰ ਔਰਤ ਦੀ ਉਸ ਪਰਤਾੜਨਾ ਬਾਰੇ ਗੱਲ ਕਰਨਾ ਹਰ ਕਵੀ ਸ਼ਾਇਰ ਦਾ ਫਰਜ਼ ਹੈ ਜਿਸ ਔਰਤ ਨੂੰ ਅਜ਼ਲਾਂ ਦੀ ਕੈਦ ਅਤੇ ਪਿਤਰਕੀ ਸੱਤਾ ਅਧੀਨ ਦਾਸਤਾ ਵਾਲੀ ਜਿੰਦਗੀ ਜਿਉਣ ਲਈ ਸਦਾ ਮਜਬੂਰ ਕੀਤਾ ਗਿਆ। ਕਦੇ ਇਹ ਮਜਬੂਰੀ ਪੇਕੇ ਘਰ ਵਿੱਚੋਂ ਮਿਲਦੀ ਅਤੇ ਕਦੇ ਇਹ ਮਜਬੂਰੀ ਸਹੁਰੇ ਘਰ ਵਿੱਚੋਂ ਔਰਤ ਨੂੰ ਪ੍ਰਾਪਤ ਹੁੰਦੀ। ਜਿਸ ਨੂੰ ਆਪਣੀ ਅਰਥੀ ਤੱਕ ਆਪਣੇ ਜਿਹਨ ਵਿੱਚ ਵਸਾ ਕੇ ਰੱਖਦੀ ਹੋਈ ਮਜਬੂਰ ਅਤੇ ਅਬਲਾ ਉਹ ਨਾਰੀ ਅੱਜ ਜਦੋਂ ਆਪਣੇ ਹੱਕਾਂ ਅਤੇ ਅਧਿਕਾਰਾਂ ਤੋਂ ਜਾਣੂ ਹੋਈ ਤਦ ਮਰਦ ਨੂੰ ਆਪਣਾ ਸੰਤਾਪ ਬੜਾ ਛੇਤੀ ਦਿਸਣ ਲੱਗਿਆ। ਪਰ ਉਸੇ ਹੀ ਮਰਦ ਜਾਂ ਸਮਾਜਿਕ ਵਿਵਸਥਾ ਨੇ ਕਦੇ ਔਰਤ ਦੇ ਉਸ ਸੰਤਾਪ ਨੂੰ ਸਮਝਣ ਦਾ ਯਤਨ ਨਹੀਂ ਕੀਤਾ ਜੋ ਉਸੇ ਸਮਾਜਿਕ ਵਿਵਸਥਾ ਦੁਆਰਾ ਉਸ ਲਾਚਾਰ ਔਰਤ ਤੇ ਅਜਲਾਂ ਤੋਂ ਕੀਤਾ ਜਾ ਰਿਹਾ ਹੈ। ਇਸ ਸਭ ਤੋਂ ਛੁੱਟ ਜੇਕਰ ਸ਼ਾਇਰਾਂ ਦੀ ਗ਼ਜ਼ਲਾਂ ਵਿੱਚ ਨਾਰੀ ਦ੍ਰਿਸ਼ਟੀ ਬਾਰੇ ਚਰਚਾ ਕੀਤੀ ਜਾਵੇ ਤਦ ਇਹ ਆਖਿਆ ਜਾ ਸਕਦਾ ਹੈ ਕਿ ਸ਼ਾਇਰਾ ਨੇ ਨਿਰਪੱਖ ਹੋ ਕੇ ਔਰਤ ਅਤੇ ਮਰਦ ਦੋਵਾਂ ਦੇ ਸੰਤਾਪ ਨੂੰ ਇੱਕੋ ਨਜ਼ਰ ਨਾਲ ਵੇਖਿਆ ਅਤੇ ਆਪਣੀਆਂ ਗ਼ਜ਼ਲਾਂ ਵਿੱਚ ਸਥਾਨ ਦਿੰਦਿਆਂ ਦੋਹਾਂ ਪ੍ਰਤੀ ਆਪਣੀ ਸੰਵੇਦਨਾ ਵਿਅਕਤ ਕੀਤੀ।

**....... ਹਵਾਲੇ .......**


1. ਗੁਰਚਰਨ ਕੌਰ ਕੋਚਰ, ਅਹਿਸਾਸ ਦੀਆਂ ਰਿਸ਼ਮਾਂ, ਪੰਨਾ 78
2. ਉਹੀ ਪੰਨਾ 42
3. ਪਰਮਜੀਤ ਕੌਰ, ਵਿਨੋਦ ਮਿੱਤਲ (ਸੰਪਾ), ਬੁਵਆਰ ਦਾ ਨਾਰੀਵਾਦ: ਮਸਲੇ ਅਤੇ ਮੁਲਾਂਕਣ, ਪੰਨਾ 81, 82
4. ਉਹੀ ਪੰਨਾ 84
5. ਗੁਰਚਰਨ ਕੌਰ ਕੋਚਰ, ਚਾਨਣ ਵੰਡਦੀ ਕਹਿਕਸ਼ਾਂ, ਪੰਨਾ 26
6. ਗੁਰਚਰਨ ਕੌਰ ਕੋਚਰ, ਅਹਿਸਾਸ ਦੀਆਂ ਰਿਸ਼ਮਾਂ, ਪੰਨਾ 109
7. ਗੁਰਚਰਨ ਕੌਰ ਕੋਚਰ, ਹਰਫ਼ਾਂ ਦੀ ਮਹਿਕ, ਪੰਨਾ 73
8. ਗੁਰਚਰਨ ਕੌਰ ਕੋਚਰ, ਅਹਿਸਾਸ ਦੀਆਂ ਰਿਸ਼ਮਾਂ, ਪੰਨਾ 92
9. ਉਹੀ ਪੰਨਾ 90
10. ਹਰਪਾਲ ਸਿੰਘ ਭੱਟੀ, ਜਦੀਦ ਪੰਜਾਬੀ ਗ਼ਜ਼ਲ: ਸਰੋਕਾਰ ਅਤੇ ਸੰਚਾਰ, ਪੰਨਾ 161
11. ਗੁਰਚਰਨ ਕੌਰ ਕੋਚਰ, ਹਰਫ਼ਾਂ ਦੀ ਮਹਿਕ, ਪੰਨਾ 109
12. ਉਹੀ ਪੰਨਾ 82
13. ਗੁਰਚਰਨ ਕੌਰ ਕੋਚਰ , ਅਹਿਸਾਸ ਦੀਆਂ ਰਿਸ਼ਮਾਂ, ਪੰਨਾ 108
14. ਗੁਰਚਰਨ ਕੌਰ ਕੋਚਰ, ਹਰਫਾਂ ਦੀ ਮਹਿਕ, ਪੰਨਾ 110
15. ਗੁਰਚਰਨ ਕੌਰ ਕੋਚਰ, ਗ਼ਜ਼ਲ ਅਸ਼ਰਫੀਆਂ, ਪੰਨਾ 93
16. ਉਹੀ ਪੰਨਾ 117
17. ਗੁਰਚਰਨ ਕੌਰ ਕੋਚਰ, ਹਰਫਾਂ ਦੀ ਮਹਿਕ, ਪੰਨਾ 48
18. ਪਰਮਜੀਤ ਕੌਰ, ਵਿਨੋਦ ਮਿੱਤਲ (ਸੰਪਾ), ਨਾਰੀਵਾਦ ਤੇ ਸਾਹਿਤ ਸਮੀਖਿਆ, ਪੰਨਾ 112.
19. ਗੁਰਚਰਨ ਕੌਰ ਕੋਚਰ, ਹਰਫ਼ਾਂ ਦੀ ਮਹਿਕ, ਪੰਨਾ 67